

ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor : Gurmit Singh

1 516 989 8001 | 1 631 835 8000

CORPORATE OFFICE : NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

00 VOL XVIII, ISSUE 1847 | FRIDAY JANUARY 30, 2026

NEW YORK



APNA PUNJAB MEDIA GROUP NEW YORK

PLEASED TO ANNOUNCE

*Now*

# DIGITALLY RENEWED

IN TRILINGUAL

PUNJABI | ENGLISH | Hindi

A NEW LOOK. NEW FEATURES. SAME TRUSTED VOICE.

This relaunch is more than a new website —
it's a bridge between generations.

With improved design, mobile-friendly access, and powerful new features, Apna Punjab Media stands with Punjabis worldwide.

We carry Punjab to you—its voice, its values, its soul.

GURMIT SINGH
Gold Medalist
CEO & PRESIDENT
1 631 835 8000
NEW YORK

GURSERWAK SINGH
MANAGING DIRECTOR
+91 70090 75920
CHANDIGARH

www.apnapunjabmedia.com

+1 516 989 8001 +1 516 989 8004




Copyright: Apna Punjab Media 2025-26

Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
Founder & Chief Editor : Gurmit Singh
1516 989 8001 | 1631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
1 VOL XVIII, ISSUE 1847 | FRIDAY JANUARY 30, 2026
NEW YORK

# ਟਰੰਪ ਵੱਲੋਂ ਕੈਨੇਡਾ ਵਿੱਚ ਬਣੇ ਜਹਾਜ਼ਾਂ 'ਤੇ 50 ਫੀਸਦੀ ਟੈਕਸ ਲਾਉਣ ਦੀ ਦਿਤੀ ਗਈ ਚਿਤਾਵਨੀ



## ਅਮਰੀਕੀ ਕੰਪਨੀ ਦੇ ਜਹਾਜ਼ਾਂ ਨੂੰ ਮਨਜ਼ੂਰੀ ਨਾ ਦੇਣ 'ਤੇ ਨਤੀਜੇ ਭੁਗਤਣ ਲਈ ਕਿਹਾ, "ਦੋਵਾਂ ਦੇਸ਼ਾਂ ਦਰਮਿਆਨ ਖਟਾਸ ਹੋਰ ਵਧਣ ਦਾ ਖਦਸ਼ਾ"

**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਅਮਰੀਕੀ ਕੰਪਨੀ ਗਲਫਸਟਰੀਮ ਦੇ ਸਰਟੀਫਿਕੇਸ਼ਨ ਦੇ ਅਮਲ ਨੂੰ ਗਲਤ ਢੰਗ ਨਾਲ ਰੋਕਣ ਦਾ ਦੋਸ਼ ਲਾਇਆ ਹੈ। ਟਰੰਪ ਨੇ ਕੈਨੇਡਾ ਨੂੰ ਆਪਣਾ ਫੈਸਲਾ ਬਦਲਣ ਜਾਂ ਅਮਰੀਕੀ ਟੈਕਸ ਦਾ ਸਾਹਮਣਾ ਕਰਨ ਦੀ ਧਮਕੀ ਦਿੱਤੀ ਹੈ। ਟਰੰਪ ਨੇ ਕਿਹਾ ਕਿ ਜੇ ਕੈਨੇਡਾ ਨੇ ਗਲਫਸਟਰੀਮ ਐਰੋਸਪੇਸ ਕੌਰਪ ਦੇ ਜਹਾਜ਼ਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਤਾਂ ਅਮਰੀਕਾ ਵਿਚ ਵੇਚੇ ਜਾਣ ਵਾਲੇ ਕੈਨੇਡਾ ਦੇ ਜੈਟਾਂ 'ਤੇ ਪੰਜਾਹ ਫੀਸਦੀ ਟੈਕਸ ਲਾਇਆ ਜਾਵੇਗਾ। ਟਰੰਪ ਦੀ ਇਹ ਧਮਕੀ ਅਮਰੀਕਾ ਤੇ ਕੈਨੇਡਾ ਦਰਮਿਆਨ ਵਧ ਰਹੇ ਤਣਾਅ ਨੂੰ ਹੋਰ ਵਧਾ ਸਕਦੀ ਹੈ। ਇਸ ਤੋਂ ਪਹਿਲਾਂ ਵੀ ਦੋਵੇਂ ਦੇਸ਼ ਕਈ ਮਾਮਲਿਆਂ 'ਤੇ ਆਹਮੋ-ਸਾਹਮਣੇ ਆ ਗਏ ਸਨ।

ਟਰੰਪ ਨੇ ਟਰੁੱਥ 'ਤੇ ਪੋਸਟ ਪਾ ਕੇ ਕਿਹਾ ਕਿ ਜੇ, ਕਿਸੇ ਵੀ ਕਾਰਨ ਇਸ ਸਥਿਤੀ ਨੂੰ ਤੁਰੰਤ ਠੀਕ ਨਹੀਂ ਕੀਤਾ ਜਾਂਦਾ ਤਾਂ ਮੈਂ ਸੰਯੁਕਤ ਰਾਜ ਅਮਰੀਕਾ ਵਿੱਚ ਵੇਚੇ ਜਾਣ ਵਾਲੇ ਕਿਸੇ ਵੀ ਅਤੇ ਸਾਰੇ ਜਹਾਜ਼ਾਂ 'ਤੇ ਕੈਨੇਡਾ ਤੋਂ 50% ਟੈਰਿਫ ਵਸੂਲਣ ਜਾ ਰਿਹਾ ਹਾਂ। ਇਸ ਤੋਂ ਇਕ ਹਫਤਾ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਦੇ ਚੀਨ ਨਾਲ ਵਪਾਰਕ ਸੌਦੇ 'ਤੇ ਕੈਨੇਡਾ 'ਤੇ 100 ਫੀਸਦੀ ਟੈਰਿਫ ਲਾਉਣ ਦੀ ਧਮਕੀ ਦਿੱਤੀ ਸੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਜੇ ਇਹ ਦੇਸ਼ ਚੀਨ ਨਾਲ ਵਪਾਰਕ ਸੌਦਾ ਕਰਦਾ ਹੈ ਤਾਂ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ ਸਾਮਾਨ 'ਤੇ 100 ਫੀਸਦੀ ਟੈਕਸ ਲਾ ਦੇਵੇਗਾ।

ਟਰੰਪ ਨੇ ਸੋਸ਼ਲ ਮੀਡੀਆ 'ਤੇ ਕਾਰਨੀ ਨੂੰ ਗਵਰਨਰ ਵਜੋਂ ਸੰਬੋਧਨ ਕਰਦਿਆਂ ਪੋਸਟ ਕੀਤੀ ਸੀ, 'ਜੇਕਰ ਗਵਰਨਰ ਕਾਰਨੀ ਸੋਚਦੇ ਹਨ ਕਿ ਉਹ ਚੀਨ ਲਈ ਸੰਯੁਕਤ ਰਾਜ ਅਮਰੀਕਾ ਵਿੱਚ ਸਾਮਾਨ ਅਤੇ ਉਤਪਾਦ ਭੇਜਣ ਲਈ ਕੈਨੇਡਾ ਨੂੰ ਡਰੌਪ ਆਫ ਪੋਰਟ ਬਣਾਉਣ ਜਾ ਰਹੇ ਹਨ ਤਾਂ ਉਹ ਗਲਤ ਹਨ। ਉਨ੍ਹਾਂ ਕਿਹਾ ਕਿ ਚੀਨ ਕੈਨੇਡਾ ਦੇ ਹਿੱਤ ਪ੍ਰਭਾਵਿਤ ਕਰੇਗਾ ਤੇ ਇਸ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦੇਵੇਗਾ। ਜੇਕਰ ਕੈਨੇਡਾ ਚੀਨ ਨਾਲ ਕੋਈ ਸੌਦਾ ਕਰਦਾ ਹੈ ਤਾਂ ਅਮਰੀਕਾ ਵਿੱਚ ਆਉਣ ਵਾਲੇ ਸਾਰੇ ਕੈਨੇਡੀਅਨ ਸਾਮਾਨ ਅਤੇ ਉਤਪਾਦਾਂ 'ਤੇ 100% ਟੈਰਿਫ ਲਗਾਇਆ ਜਾਵੇਗਾ।

# ਪੰਜਾਬ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਸਬੰਧੀ ਪ੍ਰੋਗਰਾਮ ਉਲੀਕੇ



- **6 ਫਰਵਰੀ ਨੂੰ ਖੁਰਾਲਗੜ੍ਹ 'ਚ ਹੋਵੇਗਾ ਰਾਜ ਪੱਧਰੀ ਸਮਾਗਮ**
- **ਪੰਜਾਬ 'ਚ ਸਾਰਾ ਸਾਲ ਚੱਲਣਗੇ ਸਮਾਗਮ: ਚੀਮਾ**

**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪੰਜਾਬ ਸਰਕਾਰ ਨੇ ਗੁਰੂ ਰਵਿਦਾਸ ਦਾ 650ਵਾਂ ਪ੍ਰਕਾਸ਼ ਪੁਰਬ ਸੂਬਾ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਹੈ, ਜਿਸ ਦੇ ਸਮਾਗਮ ਪੂਰਾ ਸਾਲ ਪੰਜਾਬ ਦੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਅਤੇ ਜ਼ਿਲ੍ਹਾ ਪੱਧਰ 'ਤੇ ਕਰਵਾਏ ਜਾਣਗੇ।

ਇਸ ਗੱਲ ਦਾ ਪ੍ਰਗਟਾਵਾ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਇਥੇ ਕੈਬਨਿਟ ਮੰਤਰੀਆਂ ਦੀ ਮੀਟਿੰਗ ਦੌਰਾਨ ਕੀਤਾ ਹੈ। ਮੀਟਿੰਗ ਵਿੱਚ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ, ਤਰੁਨਪ੍ਰੀਤ ਸਿੰਘ ਸੌਂਦ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ, ਸੱਭਿਆਚਾਰਕ ਮਾਮਲਿਆਂ ਦੇ ਸਲਾਹਕਾਰ ਦੀਪਕ ਬਾਲੀ ਹਾਜ਼ਰ ਰਹੇ।

ਸ੍ਰੀ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦੀ ਸ਼ੁਰੂਆਤ 4 ਫਰਵਰੀ ਨੂੰ ਖੁਰਾਲਗੜ੍ਹ ਸਾਹਿਬ ਵਿਖੇ ਅਖੰਡ ਪਾਠ ਨਾਲ ਹੋਵੇਗੀ ਅਤੇ 6 ਫਰਵਰੀ ਨੂੰ ਰਾਜ ਪੱਧਰੀ ਸਮਾਗਮ ਨਾਲ ਸਮਾਪਤੀ ਕੀਤੀ ਜਾਵੇਗੀ, ਜਦੋਂ ਕਿ ਨਵੰਬਰ 2026 ਵਿੱਚ ਖੁਰਾਲਗੜ੍ਹ ਸਾਹਿਬ ਵਿਖੇ ਕੀਰਤਨ ਦਰਬਾਰ ਅਤੇ ਬੇਗਮਪੁਰਾ ਸਮਾਗਮ ਹੋਵੇਗਾ, ਜਿਸ ਵਿੱਚ ਧਾਰਮਿਕ ਤੇ ਹੋਰ ਸ਼ਖਸੀਅਤਾਂ ਵੀ ਸ਼ਮੂਲੀਅਤ ਕਰਨਗੀਆਂ। ਸ੍ਰੀ ਚੀਮਾ ਨੇ ਕਿਹਾ ਕਿ ਗੁਰੂ ਰਵਿਦਾਸ ਦੇ ਜੀਵਨ, ਸਿੱਖਿਆ, ਯਾਤਰਾਵਾਂ ਸਬੰਧੀ ਪੰਜਾਬ ਭਰ 'ਚ ਪਿੰਡ-ਪਿੰਡ 'ਚ 27 ਫਰਵਰੀ ਤੋਂ ਅਗਲੇ ਸਾਲ ਫਰਵਰੀ ਤੱਕ ਸਮਾਗਮ ਕਰਵਾਏ ਜਾਣਗੇ।

ਇਸ ਦੌਰਾਨ ਸੈਮੀਨਾਰ ਤੇ ਵਰਕਸ਼ਾਪਾਂ, ਵਿਸ਼ੇਸ਼ ਕੀਰਤਨ ਸਮਾਗਮ, ਤੀਰਥ ਯਾਤਰਾ, ਸਕੂਲ ਪੱਧਰੀ ਮੁਕਾਬਲੇ, ਡਾਕੂਮੈਂਟਰੀ ਸ਼ੋਅ, ਡਰੋਨ ਸ਼ੋਅ, ਗੁਰੂ ਜੀ ਯਾਦਗਾਰੀ ਸਿੱਕਾ ਜਾਰੀ ਕਰਨ, ਖੂਨਦਾਨ ਕੈਂਪ, ਪੌਦੇ ਲਾਉਣ ਦੀ ਮੁਹਿੰਮ, ਮੈਰਾਥਨ, ਸ਼ੋਭਾ ਯਾਤਰਾ, ਸਾਈਕਲ ਰੈਲੀਆਂ ਦੀ ਤਜਵੀਜ਼ ਹੈ। ਇਸ ਦੌਰਾਨ 4 ਸ਼ੋਭਾ ਯਾਤਰਾਵਾਂ ਵਾਰਾਨਸੀ-ਖੁਰਾਲਗੜ੍ਹ ਸਾਹਿਬ, ਫ਼ਰੀਦਕੋਟ-ਖੁਰਾਲਗੜ੍ਹ ਸਾਹਿਬ, ਬਠਿੰਡਾ-ਖੁਰਾਲਗੜ੍ਹ ਸਾਹਿਬ ਅਤੇ ਜੰਮੂ-ਖੁਰਾਲਗੜ੍ਹ ਸਾਹਿਬ ਤੱਕ ਸਜਾਈਆਂ ਜਾਣਗੀਆਂ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗੁਰੂ ਰਵਿਦਾਸ ਜੈਅੰਤੀ 'ਤੇ ਕੌਮੀ ਛੁੱਟੀ ਐਲਾਨਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਗੁਰੂ ਰਵਿਦਾਸ ਦੇ ਸ਼ਰਧਾਲੂ ਹਨ। ਹੋਰ ਗੁਰੂਆਂ ਤੇ ਧਾਰਮਿਕ ਮਹਾਪੁਰਸ਼ਾਂ ਦੇ ਜਨਮ ਦਿਹਾੜੇ ਪਹਿਲਾਂ ਹੀ ਕੌਮੀ ਛੁੱਟੀਆਂ ਵਜੋਂ ਮਨਾਏ ਜਾਂਦੇ ਹਨ।

ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕੌਮੀ ਪੱਧਰ 'ਤੇ ਛੁੱਟੀ ਦਾ ਐਲਾਨ ਕੀਤਾ ਜਾਣਾ ਚਾਹੀਦਾ ਹੈ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


Paradise THE PARTY HUB

# PARADISE PARTY Hub

*Punjab Ave. South Richmond Hill*

**Welcome to Paradise Party Hub where every celebration turns into a memory of a lifetime From Weddings and Birthdays to corporate gatherings and cultural events, our hall is designed to bring your dream event to life.**

Birthday · Wedding · Engagement · Corporate Event

SPACIOUS HALL · ELEGANT DECOR · DELICIOUS CATERING

**116-01 101st , South Richmond Hill, United States, New York**




Phone +1 347-456-4140

E-mail paradisepartyhub@gmail.com

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1516 989 8001 | 1631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ

# ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਪ੍ਰੀਮੀਅਰਜ਼ ਨਾਲ ਕੀਤੀ ਮੁਲਾਕਾਤ



## ਕਾਰਨੀ ਨੇ ਕਿਹਾ ਕੈਨੇਡੀਅਨ ਖ਼ੁਦਮੁਖ਼ਤਿਆਰੀ ਦਾ ਸਤਿਕਾਰ ਹੋਵੇ

**ਓਟਾਵਾ : ਆਪਣਾ ਪੰਜਾਬ ਮੀਡੀਆ :** ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਓਟਵਾ ਵਿੱਚ ਕੈਨੇਡਾ ਦੇ ਸਾਰੇ ਪ੍ਰੀਮੀਅਰਜ਼ ਨਾਲ ਮੀਟਿੰਗ ਕੀਤੀ, ਜਿਸਦਾ ਮਕਸਦ ਕੇਂਦਰ–ਸੂਬਾ ਸਹਿਯੋਗ ਮਜ਼ਬੂਤ ਕਰਨਾ ਅਤੇ ਰਾਜਨੀਤਿਕ-ਆਰਥਿਕ ਚੁਣੌਤੀਆਂ ਨਾਲ ਮਿਲ ਕੇ ਨਜਿੱਠਣਾ ਸੀ।

ਮੀਟਿੰਗ ਦੌਰਾਨ ਐਲਬਰਟਾ ਦੇ ਵੱਖਵਾਦੀ ਸਮੂਹਾਂ ਦੀ ਅਮਰੀਕੀ ਅਧਿਕਾਰੀਆਂ ਨਾਲ ਮੁਲਾਕਾਤ ਦਾ ਮਸਲਾ ਵੀ ਚਰਚਾ ਵਿੱਚ ਰਿਹਾ।

ਇਸ 'ਤੇ ਕਾਰਨੀ ਨੇ ਕਿਹਾ ਕਿ ਅਮਰੀਕਾ ਨੂੰ ਕੈਨੇਡਾ ਦੀ ਖੁਦਮੁਖਤਿਆਰੀ ਦਾ ਸਤਿਕਾਰ ਕਰਨਾ ਚਾਹੀਦਾ ਹੈ, ਜੋ ਐਲਬਰਟਾ ਦੀ ਪ੍ਰੀਮੀਅਰ ਡੇਨੀਅਲ ਸਮਿੱਥ ਨੇ ਵੀ ਦੋਹਰਾਇਆ।

ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਇਨ੍ਹਾਂ ਮੁਲਾਕਾਤਾਂ ਦੀ ਸਖ਼ਤ ਨਿੰਦਾ ਕੀਤੀ, ਜਦਕਿ ਹੋਰ ਪ੍ਰੀਮੀਅਰਜ਼ ਨੇ ਅਮਰੀਕਾ ਨਾਲ ਵਪਾਰਕ ਹਾਲਾਤਾਂ ਨੂੰ "ਅਸਧਾਰਣ" ਕਰਾਰ ਦਿੱਤਾ। ਸਸਕਾਚੇਵਨ ਦੇ ਪ੍ਰੀਮੀਅਰ ਸਕਾਟ ਮੋ ਨੇ CUSMA ਸਮੀਖਿਆ ਦੌਰਾਨ ਕੈਨੇਡਾ ਦੀ ਇਕਜੁੱਟ ਪੋਜ਼ੀਸ਼ਨ ਦੀ ਲੋੜ 'ਤੇ ਜ਼ੋਰ ਦਿੱਤਾ।


ਅੰਤ ਵਿੱਚ, ਕਾਰਨੀ ਨੇ ਅੰਤਰ-ਸੂਬਾਈ ਵਪਾਰਕ ਰੁਕਾਵਟਾਂ ਘਟਾਉਣ ਲਈ ਪ੍ਰੀਮੀਅਰਜ਼ ਦੇ ਯਤਨਾਂ ਦੀ ਸਾਰਾਹਨਾ ਕਰਦਿਆਂ ਕਿਹਾ ਕਿ ਦੇਸ਼ ਦੀ ਪੂਰੀ ਸਮਰੱਥਾ ਲਈ ਬਾਕੀ ਪੁਰਾਣੀਆਂ ਰੁਕਾਵਟਾਂ ਹਟਾਉਣੀਆਂ ਲਾਜ਼ਮੀ ਹਨ।

# ਸਰੀ ਵਿਚ ਜਬਰਨ ਵਸੂਲੀ ਨਾਲ ਨਜਿੱਠਣ ਲਈ 20 ਹੋਰ ਆਰਸੀਐਮਪੀ ਅਫ਼ਸਰ ਹੋਣਗੇ ਤੈਨਾਤ : ਮੇਅਰ




**ਸਰੀ : ਆਪਣਾ ਪੰਜਾਬ ਮੀਡੀਆ :** ਸਰੀ ਦੀ ਮੇਅਰ ਬ੍ਰੈਂਡਾ ਲਾਕ ਨੇ ਕਿਹਾ ਕਿ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਫ਼ੈਡਰਲ ਸਰਕਾਰ ਜਬਰਨ ਵਸੂਲੀ ਦੇ ਵਧਦੇ ਮਾਮਲਿਆਂ ਨਾਲ ਨਜਿੱਠਣ ਲਈ 20 ਹੋਰ ਆਰਸੀਐਮਪੀ ਅਧਿਕਾਰੀਆਂ ਨੂੰ ਭੇਜ ਰਹੀ ਹੈ। ਇਹ ਬਿਆਨ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਦੇ ਉਸ ਬਿਆਨ ਤੋਂ ਬਾਅਦ ਆਇਆ ਹੈ ਜਿਸ ਵਿਚ ਉਨ੍ਹਾਂ ਨੇ ਸਰੀ ਸ਼ਹਿਰ ਵਿਚ ਇੱਕ ਅੰਤਰ-ਸੂਬਾਈ ਪੁਲਿਸ ਬੈਠਕ ਦਾ ਐਲਾਨ ਕੀਤਾ ਸੀ। ਬ੍ਰਿਟਿਸ਼ ਕੋਲੰਬੀਆ, ਐਲਬਰਟਾ, ਮੈਨੀਟੋਬਾ ਅਤੇ ਓਂਟਾਰੀਓ ਦੀ 'ਪੁਲਿਸ ਲੀਡਰਸ਼ਿਪ' ਅਗਲੇ ਦੋ ਹਫ਼ਤਿਆਂ ਵਿਚ ਸਰੀ ਵਿਚ ਇੱਕ ਬੈਠਕ ਕਰੇਗੀ ਜਿਸ ਦੌਰਾਨ ਜਬਰਨ ਵਸੂਲੀ ਨਾਲ ਨਜਿੱਠ ਰਹੀ ਆਰਸੀਐਮਪੀ ਦੀ ਰਾਸ਼ਟਰੀ ਟੀਮ ਦੇ ਮੁਖੀ ਨਾਲ ਇਸ ਵਰਤਾਰੇ ਬਾਰੇ ਵਿਚਾਰ ਚਰਚਾ ਕੀਤੀ ਜਾਵੇਗੀ। ਈਬੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਜਬਰਨ ਵਸੂਲੀ ਨਾਲ ਨਜਿੱਠਣ ਲਈ ਬੀਸੀ ਵਿੱਚ ਆਰਸੀਐਮਪੀ ਲਈ ਹੋਰ ਫ਼ੈਡਰਲ ਸਰੋਤਾਂ ਦੀ ਵਚਨਬੱਧਤਾ 'ਤੇ ਸਹਿਮਤੀ ਪ੍ਰਗਟਾਈ ਹੈ। ਇਹ ਫੰਡਿੰਗ ਇਸ ਲਈ ਹੋਵੇਗੀ ਤਾਂ ਜੋ ਹੋਰ ਗੈਂਗ-ਵਿਰੋਧੀ ਪੁਲਿਸ ਅਧਿਕਾਰੀ ਜਬਰਨ ਵਸੂਲੀ ਦੇ ਮਾਮਲਿਆਂ ਦੀ ਜਾਂਚ ਵਿਚ ਸ਼ਾਮਲ ਹੋ ਸਕਣ।

# ਸਰੀ ਵਿੱਚ ਜਬਰਨ ਵਸੂਲੀ ਦਾ ਸੰਕਟ ਰੋਕਣ ਲਾਈ ਸਿਟੀ ਕੌਂਸਲ ਵੱਲੋਂ ਫ਼ੈਡਰਲ ਐਮਰਜੈਂਸੀ ਦੀ ਕੀਤੀ ਗਈ ਮੰਗ



**ਟੋਰਾਂਟੋ: ਆਪਣਾ ਪੰਜਾਬ ਮੀਡੀਆ :** ਬ੍ਰਿਟਿਸ਼ ਕੋਲੰਬੀਆ ਵਿੱਚ ਜਬਰਨ ਵਸੂਲੀ ਦੇ ਵਧਦੇ ਮਾਮਲਿਆਂ ਨੇ ਸਰਕਾਰਾਂ ਦੀ ਚਿੰਤਾ ਵਧਾ ਦਿੱਤੀ ਹੈ। ਇਸ ਮਸਲੇ 'ਤੇ ਬੀਸੀ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਓਟਵਾ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਮੁਲਾਕਾਤ ਕੀਤੀ, ਜਿਸ ਤੋਂ ਬਾਅਦ ਐਲਬਰਟਾ ਦੀ ਪ੍ਰੀਮੀਅਰ ਡੇਨੀਅਲ ਸਮਿਥ ਨਾਲ ਤਿੰਨ ਪੱਖੀ ਮੀਟਿੰਗ ਵੀ ਹੋਈ। ਮੀਟਿੰਗ ਵਿੱਚ ਸੁਰੱਖਿਆ ਅਤੇ ਸੰਗਠਿਤ ਅਪਰਾਧਾਂ 'ਤੇ ਚਰਚਾ ਕੀਤੀ ਗਈ।

ਇਸੇ ਹਫ਼ਤੇ ਸਰੀ ਸਿਟੀ ਕੌਂਸਲ ਨੇ ਫ਼ੈਡਰਲ ਸਰਕਾਰ ਤੋਂ ਐਮਰਜੈਂਸੀ ਲਾਗੂ ਕਰਨ ਦੀ ਮੰਗ ਕਰਦਿਆਂ ਮਤਾ ਪਾਸ ਕੀਤਾ। ਸਿਰਫ਼ ਇਸ ਮਹੀਨੇ ਸਰੀ ਵਿੱਚ 35 ਜਬਰਨ ਵਸੂਲੀ ਦੇ ਮਾਮਲੇ ਦਰਜ ਹੋਏ ਹਨ। ਮੇਅਰ ਬ੍ਰੈਂਡਾ ਲੌਕ ਨੇ ਕਿਹਾ ਕਿ ਇਸ ਕਾਰਨ ਲੋਕਾਂ ਅਤੇ ਕਾਰੋਬਾਰੀਆਂ ਵਿੱਚ ਡਰ ਤੇ ਆਰਥਿਕ ਨੁਕਸਾਨ ਵਧ ਰਿਹਾ ਹੈ।

ਕੌਂਸਲ ਨੇ ਵਿਸ਼ੇਸ਼ ਐਕਸਟੌਰਸ਼ਨ ਕਮਿਸ਼ਨਰ ਦੀ ਨਿਯੁਕਤੀ, RCMP ਦੇ ਵਧੇਰੇ ਯੂਨਿਟ ਅਤੇ ਸਖ਼ਤ ਕਾਨੂੰਨੀ ਕਦਮਾਂ ਦੀ ਮੰਗ ਕੀਤੀ ਹੈ, ਚੇਤਾਵਨੀ ਦਿੰਦਿਆਂ ਕਿ ਤੁਰੰਤ ਕਾਰਵਾਈ ਨਾ ਹੋਈ ਤਾਂ ਸੰਕਟ ਹੋਰ ਗੰਭੀਰ ਹੋ ਸਕਦਾ ਹੈ।

# ਫ਼ੀਫ਼ਾ ਵਰਲਡ ਕੱਪ ਦੇ ਨਾਂ 'ਤੇ ਕੈਨੇਡਾ ਆਉਣ ਦੇ 'ਸੁਨਹਿਰੀ ਮੌਕੇ' ਦੇ ਨਾਂ 'ਤੇ ਲੋਕਾਂ ਨੂੰ ਜਾ ਰਿਹਾ ਹੈ ਠੱਗਿਆ






**ਟੋਰਾਂਟੋ: ਆਪਣਾ ਪੰਜਾਬ ਮੀਡੀਆ :** ਕੈਨੇਡਾ ਵਿੱਚ ਹੋਣ ਵਾਲੇ 2026 ਫ਼ੀਫ਼ਾ ਵਰਲਡ ਕੱਪ ਦੇ ਨਾਂ 'ਤੇ ਟਿਕਟੌਕ ਤੇ ਇੰਸਟਾਗ੍ਰਾਮ 'ਤੇ ਗੁੰਮਰਾਹਕੁਨ ਵੀਡੀਓਜ਼ ਫੈਲ ਰਹੀਆਂ ਹਨ, ਜਿਨ੍ਹਾਂ ਵਿੱਚ ਵਰਲਡ ਕੱਪ ਦੇ ਬਹਾਨੇ ਕੰਮ ਕਰਨ ਜਾਂ ਸੈਟਲ ਹੋਣ ਦੇ ਝੂਠੇ ਦਾਅਵੇ ਕੀਤੇ ਜਾ ਰਹੇ ਹਨ। ਮਾਹਰਾਂ ਮੁਤਾਬਕ ਇਹ ਸਾਫ਼ ਠੱਗੀ ਹੈ। IRCC ਨੇ ਸਪਸ਼ਟ ਕੀਤਾ ਹੈ ਕਿ ਵਿਜ਼ੀਟਰ ਵੀਜ਼ੇ 'ਤੇ ਕੰਮ ਜਾਂ ਰਹਿਣ ਦੀ ਇਜਾਜ਼ਤ ਨਹੀਂ, ਅਤੇ ਵਰਲਡ ਕੱਪ ਸ਼ਰਨ ਲੈਣ ਦਾ ਮੌਕਾ ਨਹੀਂ। ਅਸਥਾਈ ਨੀਤੀਆਂ ਸਿਰਫ਼ ਫ਼ੀਫ਼ਾ ਵੱਲੋਂ ਸੱਦੇ ਗਏ ਕੁਝ ਕਰਮਚਾਰੀਆਂ ਲਈ ਹਨ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Google apna punjab media
Founder & Chief Editor: Gurmit Singh
1516 989 8001 | 1631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
4 | VOL XVIII, ISSUE 1847 | FRIDAY JANUARY 30, 2026
NEW YORK





Copyright: Apna Punjab Media 2025-26

ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Founder & Chief Editor: Gurmit Singh

1516 989 8001 | 1631 835 8000

COVERING DIASPORA INTERNATIONALLY

APNA PUNJAB media.tv HD

CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

5 VOL XVIII, ISSUE 1847 | FRIDAY JANUARY 30, 2026

PUNJAB

BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।

Visit our dedicated pages for the latest national and international news.

## ਪੰਜਾਬ ਸਰਕਾਰ ਨੇ ਚਾਰ ਮੁੱਖ ਸਿਹਤ ਸੰਸਥਾਵਾਂ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (BFUHS), ਫਰੀਦਕੋਟ ਨਾਲ ਜੋੜਨ ਦਾ ਦਿੱਤਾ ਹੁਕਮ



- ਸਿਵਲ ਹਸਪਤਾਲ ਬਾਦਲ ਤੇ ਸ੍ਰੀ ਖਡੂਰ ਸਾਹਿਬ, ਕਮਿਊਨਿਟੀ ਹੈਲਥ ਸੈਂਟਰ ਜਲਾਲਾਬਾਦ ਤੇ ਕੈਂਸਰ ਕੇਅਰ ਸੈਂਟਰ ਫਾਜ਼ਿਲਕਾ ਨੂੰ ਬਾਬਾ ਫਰੀਦ ਸੰਸਥਾਨ ਨਾਲ ਜੋੜਿਆ
- ਡਾਕਟਰ ਤੇ ਸਟਾਫ ਪੰਜਾਬ ਦੇ ਸਿਹਤ ਵਿਭਾਗ ਹੇਠ ਕੰਮ ਕਰੇਗਾ

**ਟੋਰਾਂਟੋ: ਆਪਣਾ ਪੰਜਾਬ ਮੀਡੀਆ :** ਸੂਬਾ ਸਰਕਾਰ ਨੇ ਚਾਰ ਮੁੱਖ ਸਿਹਤ ਸੰਸਥਾਵਾਂ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (BFUHS), ਫਰੀਦਕੋਟ ਨਾਲ ਜੋੜਨ ਦਾ ਹੁਕਮ ਦਿੱਤਾ ਹੈ। ਇਸ ਸਬੰਧੀ ਫੈਸਲਾ ਮੰਤਰੀ ਮੰਡਲ ਦੀ ਮੀਟਿੰਗ ਵਿਚ ਲਿਆ ਗਿਆ ਸੀ। ਜਾਣਕਾਰੀ ਅਨੁਸਾਰ ਸਿਵਲ ਹਸਪਤਾਲ ਬਾਦਲ, ਮੁਕਤਸਰ, ਸਿਵਲ ਹਸਪਤਾਲ ਸ੍ਰੀ ਖਡੂਰ ਸਾਹਿਬ, ਤਰਨਤਾਰਨ, ਕਮਿਊਨਿਟੀ ਹੈਲਥ ਸੈਂਟਰ ਜਲਾਲਾਬਾਦ ਅਤੇ ਕੈਂਸਰ ਕੇਅਰ ਸੈਂਟਰ, ਫਾਜ਼ਿਲਕਾ ਨੂੰ ਹੁਣ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਨਾਲ ਜੋੜਿਆ ਗਿਆ ਹੈ। ਇਹ ਸਹੂਲਤਾਂ ਹੁਣ BFUHS ਦੇ ਅਧਿਕਾਰ ਖੇਤਰ ਅਧੀਨ ਦਿੱਤੀਆਂ ਜਾਣਗੀਆਂ। ਅੱਜ ਮਿਲੇ ਹੁਕਮਾਂ ਅਨੁਸਾਰ BFUHS ਹੁਣ ਇਨ੍ਹਾਂ ਸੰਸਥਾਵਾਂ ਦੇ ਸਾਰੇ ਖਰਚਿਆਂ ਨੂੰ ਚੁੱਕੇਗਾ ਜਿਸ ਵਿੱਚ ਤਨਖਾਹਾਂ ਅਤੇ ਆਮ ਪ੍ਰਸ਼ਾਸਨਕੀ ਖਰਚੇ ਸ਼ਾਮਲ ਹਨ ਪਰ ਇੱਥੇ ਤਾਇਨਾਤ ਡਾਕਟਰ ਅਤੇ ਸਟਾਫ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਅਧੀਨ ਰਹਿਣਗੇ। ਉਨ੍ਹਾਂ ਨੂੰ ਵਿਭਾਗ ਦੀ ਨੀਤੀ ਅਨੁਸਾਰ ਬਾਅਦ ਵਿੱਚ ਹੋਰ ਥਾਵਾਂ 'ਤੇ ਤਾਇਨਾਤ ਕੀਤਾ ਜਾਵੇਗਾ। ਇਸ ਦੌਰਾਨ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਉਨ੍ਹਾਂ ਦੀ ਸੀਨੀਆਰਤਾ ਅਤੇ ਕੇਡਰ ਪ੍ਰਬੰਧਨ ਪ੍ਰਭਾਵਿਤ ਨਾ ਹੋਵੇ।

## ਭੱਠਲ ਦੱਸਣ ਕਿਹੜੇ ਅਫ਼ਸਰ ਦਿੰਦੇ ਸਨ ਬੰਬ ਧਮਾਕਿਆਂ ਦੀਆਂ ਸਲਾਹਾਂ: ਧਾਲੀਵਾਲ

### ਮੁੱਖ ਮੰਤਰੀ ਨੂੰ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ



**ਅੰਮ੍ਰਿਤਸਰ : ਆਪਣਾ ਪੰਜਾਬ ਮੀਡੀਆ :** ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਦੇ ਬੰਬ ਧਮਾਕਿਆਂ ਵਾਲੇ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਦੋਸ਼ ਲਾਇਆ ਕਿ ਕਾਂਗਰਸ ਨੇ ਆਪਣੀ ਸੱਤਾ ਲਈ ਪੰਜਾਬ ਨੂੰ ਤਬਾਹ ਕਰਨ ਵਾਸਤੇ ਵੱਡੀਆਂ ਸਾਜ਼ਿਸ਼ਾਂ ਕੀਤੀਆਂ। ਉਨ੍ਹਾਂ ਕਿਹਾ ਕਿ ਉਹ ਖ਼ੁਦ ਉਸ ਕਾਲੇ ਦੌਰ ਦੇ ਪੀੜਤ ਹਨ ਅਤੇ ਉਨ੍ਹਾਂ ਦੇ ਪਰਿਵਾਰ ਦੇ 3 ਜੀਅ ਤੇ ਪਿੰਡ ਜਗਦੇਵ ਕਲਾਂ ਦੇ 25 ਬੰਦੇ ਅਤਿਵਾਦ ਦੀ ਭੇਟ ਚੜ੍ਹੇ। ਵਿਧਾਇਕ ਨੇ ਕਿਹਾ ਕਿ 1980 ਵਿੱਚ ਜਦੋਂ ਦਰਬਾਰਾ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ ਅਤੇ ਬੀਬੀ ਭੱਠਲ ਉਨ੍ਹਾਂ ਦੀ ਕੈਬਨਿਟ ਦਾ ਹਿੱਸਾ ਸਨ ਤਾਂ ਉਸ ਸਮੇਂ ਢਿੱਲਵਾਂ ਨੇੜੇ ਪਹਿਲਾ ਵੱਡਾ ਕਾਂਡ ਹੋਇਆ, ਜਦੋਂ ਇੱਕ ਬੱਸ ਵਿੱਚੋਂ ਇੱਕ ਫਿਰਕੇ ਦੇ ਲੋਕਾਂ ਨੂੰ ਲਾਹ ਕੇ ਕਤਲ ਕੀਤਾ ਗਿਆ। ਉਸ ਕਾਂਡ ਤੋਂ ਬਾਅਦ ਪਹਿਲੀ ਵਾਰ ਪੰਜਾਬ ਵਿੱਚ ਸੀ.ਆਰ.ਪੀ.ਐੱਫ ਅਤੇ ਨੀਮ ਫੌਜੀ ਬਲਾਂ ਦੀ ਐਂਟਰੀ ਹੋਈ ਅਤੇ ਪੰਜਾਬ ਦੇ ਸਿਰ 'ਤੇ ਕਰਜ਼ਾ ਚੜ੍ਹਨਾ ਸ਼ੁਰੂ ਹੋਇਆ।

## ਅਸੀਂ ਵਿੱਤ ਮੰਤਰੀ ਤੋਂ ਪੰਜਾਬ ਲਈ ਮੰਗਿਆ ਹੈ ਵਿਸ਼ੇਸ਼ ਪੈਕੇਜ- ਹਰਪਾਲ ਸਿੰਘ ਚੀਮਾ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪੰਜਾਬ ਵਲੋਂ ਵਿਸ਼ੇਸ਼ ਪੈਕੇਜ ਦੀ ਮੰਗ 'ਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪ੍ਰੀ-ਬਜਟ ਮੀਟਿੰਗ ਵਿਚ ਅਸੀਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਇਕ ਮੰਗ ਪੱਤਰ ਸੌਂਪਿਆ, ਜਿਸ ਵਿਚ ਪੰਜਾਬ ਲਈ ਵਿਸ਼ੇਸ਼ ਪੈਕੇਜ ਦੀ ਬੇਨਤੀ ਕੀਤੀ ਗਈ ਹੈ, ਕਿਉਂਕਿ ਹਾਲ ਹੀ ਵਿਚ ਆਏ ਹੜ੍ਹਾਂ ਤੋਂ ਬਾਅਦ ਸੂਬੇ ਨੂੰ ਵੱਡਾ ਨੁਕਸਾਨ ਹੋਇਆ ਹੈ।

ਉਨ੍ਹਾਂ ਕਿਹਾ ਕਿ ਅਸੀਂ ਕੇਂਦਰ ਸਰਕਾਰ ਤੋਂ 20 ਹਜ਼ਾਰ ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਹੈ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਮਦ ਨੂੰ ਲੈ ਕੇ ਭਾਜਪਾ ਪੰਜਾਬ ਦੀ ਅਹਿਮ ਮੀਟਿੰਗ ਅੱਜ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਮਦ ਨੂੰ ਲੈ ਕੇ ਭਾਜਪਾ ਪੰਜਾਬ ਦੀ ਅਹਿਮ ਮੀਟਿੰਗ ਅੱਜ ਹੋਵੇਗੀ। ਚੰਡੀਗੜ੍ਹ ਵਿਖੇ ਪਾਰਟੀ ਦਫ਼ਤਰ ਵਿਚ ਇਹ ਮੀਟਿੰਗ ਸ਼ਾਮ 4 ਵਜੇ ਹੋਵੇਗੀ। ਮੀਟਿੰਗ ਵਿਚ ਪੰਜਾਬ ਭਾਜਪਾ ਦੇ ਸਹਿ ਪ੍ਰਭਾਰੀ ਨਰਿੰਦਰ ਰੈਨਾ ਉਚੇਚੇ ਤੌਰ 'ਤੇ ਸ਼ਾਮਲ ਹੋਣਗੇ।

## ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਆਪਣੇ ਬਿਆਨ ਦਰਜ ਕਰਾਉਣ 'ਸਿੱਟ' ਕੋਲ ਪੁੱਜੇ



**ਅੰਮ੍ਰਿਤਸਰ : ਆਪਣਾ ਪੰਜਾਬ ਮੀਡੀਆ :** 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਐਫ.ਆਈ.ਆਰ. ਦਰਜ ਕਰਨ ਤੋਂ ਬਾਅਦ ਪੜਤਾਲ ਲਈ ਪਿਛਲੇ ਦਿਨੀਂ ਸਰਕਾਰ ਵਲੋਂ ਗਠਿਤ ਕੀਤੀ ਗਈ ਸਿੱਟ ਦੇ ਸੱਦੇ 'ਤੇ ਅੱਜ ਸ਼੍ਰੋਮਣੀ ਕਮੇਟੀ ਦੇ ਕਈ ਮੌਜੂਦਾ ਅਧਿਕਾਰੀ ਤੇ ਕਰਮਚਾਰੀ ਇਸ ਕੇਸ ਵਿਚ ਆਪਣੇ ਬਿਆਨ ਦਰਜ ਕਰਾਉਣ ਲਈ ਪੁਲਿਸ ਕਮਿਸ਼ਨਰ ਦਫ਼ਤਰ ਪੁੱਜੇ ਹਨ। ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਰੂਬੀ ਦੇ ਨਾਲ ਸਿੱਟ ਕੋਲ ਬਿਆਨ ਦਰਜ ਕਰਾਉਣ ਪੁੱਜੇ। ਉਕਤ ਸ਼੍ਰੋਮਣੀ ਕਮੇਟੀ ਕਰਮਚਾਰੀਆ ਵਲੋਂ ਇਸ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਵਲੋਂ ਗਠਿਤ ਡਾਕਟਰ ਈਸ਼ਰ ਸਿੰਘ ਜਾਂਚ ਕਮੇਟੀ ਕੋਲ ਵੀ ਆਪਣੇ ਬਿਆਨ ਦਰਜ ਕਰਵਾਏ ਸਨ।


Copyright: Apna Punjab Media 2025-26

# ਪੰਜਾਬ ਵਿੱਚ ਪਾਸਪੋਰਟ ਦੀ ਕ੍ਰੇਜ਼ੀ ਵਿੱਚ ਰਿਕਾਰਡ ਉੱਚਾਈ ਤੋਂ 7 ਲੱਖ ਸਾਲਾਨਾ ਗਿਰਾਵਟ

## ਮਾਨ ਸਰਕਾਰ ਨੇ ਇਸਨੂੰ 'ਵਤਨ ਵਾਪਸੀ' ਪ੍ਰਭਾਵ ਦੱਸਿਆ

**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਵਿਦੇਸ਼ਾਂ ਵਿੱਚ ਪ੍ਰਵੇਸ਼ਨਿਯਮਾਂਨੂੰਸਖ਼ਤਕਰਨ ਕਾਰਨ ਪੰਜਾਬੀਆਂ ਵਿੱਚ ਪਾਸਪੋਰਟ ਪ੍ਰਾਪਤ ਕਰਨ ਦਾ ਜਨੂੰਨ ਠੰਢਾ ਪੈ ਗਿਆ ਹੈ। ਇਸ ਹਾਲੀਆ ਗਿਰਾਵਟ ਦੇ ਬਾਵਜੂਦ, ਪਿਛਲੇ 12 ਸਾਲਾਂ ਵਿੱਚ ਸੂਬੇ ਵਿੱਚ ਜਾਰੀ ਕੀਤੇ ਗਏ ਪਾਸਪੋਰਟਾਂ ਦੀ ਕੁੱਲ ਗਿਣਤੀ ਲਗਭਗ 10 ਮਿਲੀਅਨ (ਇੱਕ ਕਰੋੜ) ਤੱਕ ਪਹੁੰਚ ਗਈ ਹੈ। ਪੰਜਾਬ ਵਾਂਗ, ਹਰਿਆਣਾ ਵਿੱਚ ਵੀ



ਪਾਸਪੋਰਟ ਅਰਜ਼ੀਆਂ ਵਿੱਚ ਪਹਿਲਾਂ ਵਾਲਾ ਵਾਧਾ ਰੁਕ ਗਿਆ ਹੈ। ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, 1 ਜਨਵਰੀ, 2014 ਤੋਂ 31 ਦਸੰਬਰ, 2025 ਤੱਕ ਪੰਜਾਬ ਵਿੱਚਕੁੱਲ9.889ਮਿਲੀਅਨ (98.89 ਲੱਖ) ਪਾਸਪੋਰਟ ਜਾਰੀ ਕੀਤੇ ਗਏ ਸਨ। ਇਸੇ ਸਮੇਂ ਦੌਰਾਨ, ਹਰਿਆਣਾ ਵਿੱਚ 4.46 ਮਿਲੀਅਨ (44.60 ਲੱਖ) ਪਾਸਪੋਰਟ ਬਣਾਏ ਗਏ ਸਨ। 2023 ਵਿੱਚ, ਪੰਜਾਬ ਵਿੱਚ ਰਿਕਾਰਡ ਤੋੜ 1.194 ਮਿਲੀਅਨ (11.94 ਲੱਖ) ਪਾਸਪੋਰਟ ਜਾਰੀ ਕੀਤੇ ਗਏ। ਹਾਲਾਂਕਿ, 2024 ਵਿੱਚ, ਇਹ ਅੰਕੜਾ ਘਟ ਕੇ 1.06 ਮਿਲੀਅਨ (10.60 ਲੱਖ) ਰਹਿ ਗਿਆ, ਅਤੇ 2025 ਵਿੱਚ, ਇਹ ਕਾਫ਼ੀ ਘੱਟ ਕੇ 7,08,000 (7.08 ਲੱਖ) ਰਹਿ ਗਿਆ।

# ਅਮਰੀਕਾ ਦੌਰੇ ਤੋਂ ਪਹਿਲਾਂ, ਵਿਦੇਸ਼ ਮੰਤਰੀ ਜੈਸ਼ੰਕਰ ਨੇ ਗੋਰ ਨਾਲ ਵਪਾਰ, ਮਹੱਤਵਪੂਰਨ ਖਣਿਜਾਂ ਬਾਰੇ ਕੀਤੀ ਚਰਚਾ



**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਵੀਰਵਾਰ ਨੂੰ ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨਾਲ ਵਪਾਰ, ਰੱਖਿਆ ਸਹਿਯੋਗ ਅਤੇ ਮਹੱਤਵਪੂਰਨ ਖਣਿਜਾਂ ਸਮੇਤ ਕਈ ਮੁੱਦਿਆਂ 'ਤੇ ਚਰਚਾ ਕੀਤੀ, ਇਹ ਗੱਲਬਾਤ ਵਾਸ਼ਿੰਗਟਨ ਦੀ ਇੱਕ ਉੱਚ-ਪੱਧਰੀ ਮੰਤਰੀ ਪੱਧਰੀ ਮੀਟਿੰਗ ਲਈ ਆਪਣੀ ਸੰਭਾਵਿਤ ਫੇਰੀ ਤੋਂ ਕੁਝ ਦਿਨ ਪਹਿਲਾਂ ਹੋਈ। ਇਹ ਮੀਟਿੰਗ ਇਸ ਲਈ ਮਹੱਤਵਪੂਰਨ ਮੰਨੀ ਜਾ ਰਹੀ ਹੈ ਕਿਉਂਕਿ ਜੈਸ਼ੰਕਰ ਦੇ 4 ਫਰਵਰੀ ਨੂੰ ਵਾਸ਼ਿੰਗਟਨ ਡੀਸੀ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਆਯੋਜਿਤ ਇੱਕ ਮਹੱਤਵਪੂਰਨ ਖਣਿਜ ਮੰਤਰੀ ਪੱਧਰੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਅਮਰੀਕਾ ਜਾਣ ਦੀ ਉਮੀਦ ਹੈ। ਉਦਘਾਟਨੀ ਮੰਤਰੀ ਪੱਧਰੀ ਮੀਟਿੰਗ ਦਾ ਉਦੇਸ਼ ਇਲੈਕਟ੍ਰਿਕ ਵਾਹਨਾਂ, ਨਵਿਆਉਣਯੋਗ ਊਰਜਾ, ਰੱਖਿਆ ਪ੍ਰਣਾਲੀਆਂ ਅਤੇ ਉੱਨਤ ਇਲੈਕਟ੍ਰਾਨਿਕਸ ਲਈ ਜ਼ਰੂਰੀ ਮਹੱਤਵਪੂਰਨ ਖਣਿਜਾਂ ਲਈ ਲਚਕੀਲਾ ਅਤੇ ਵਿਭਿੰਨ ਸਪਲਾਈ ਚੇਨ ਬਣਾਉਣ 'ਤੇ ਵਿਸ਼ਵਵਿਆਪੀ ਸਹਿਯੋਗ ਨੂੰ ਮਜ਼ਬੂਤ ਕਰਨਾ ਹੈ।








Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1516 989 8001 | 1631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ

# ਭਿਆਨਕ ਸਰਦੀ ਕਾਰਨ ਕੀਵ 'ਤੇ ਹਮਲੇ ਰੋਕਣ ਲਈ ਸਹਿਮਤ ਹੋਏ ਪੁਤਿਨ : ਰਾਸ਼ਟਰਪਤੀ ਟਰੰਪ

**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਇੱਕ ਅਹਿਮ ਖੁਲਾਸਾ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਯੂਕਰੇਨ ਦੀ ਰਾਜਧਾਨੀ ਕੀਵ 'ਤੇ ਇਕ ਹਫ਼ਤੇ ਤੱਕ ਹਮਲੇ ਨਾ ਕਰਨ ਦੀ ਨਿੱਜੀ ਤੌਰ 'ਤੇ ਅਪੀਲ ਕੀਤੀ ਹੈ।



ਟਰੰਪ ਅਨੁਸਾਰ, ਇਹ ਬੇਨਤੀ ਯੂਕਰੇਨ ਵਿੱਚ ਪੈ ਰਹੀ ਭਿਆਨਕ ਸਰਦੀ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਗਈ ਹੈ। ਵ੍ਹਾਈਟ ਹਾਊਸ ਵਿੱਚ ਆਯੋਜਿਤ ਇੱਕ ਕੈਬਨਿਟ ਮੀਟਿੰਗ ਦੌਰਾਨ ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਇਸ ਅਪੀਲ 'ਤੇ ਪੁਤਿਨ ਸਹਿਮਤ ਹੋ ਗਏ ਹਨ। ਟਰੰਪ ਨੇ ਕਿਹਾ ਕਿ ਮੈਂ ਰਾਸ਼ਟਰਪਤੀ ਪੁਤਿਨ ਨੂੰ ਨਿੱਜੀ ਤੌਰ 'ਤੇ ਬੇਨਤੀ ਕੀਤੀ ਕਿ ਉਹ ਭਿਆਨਕ ਠੰਢ ਦੌਰਾਨ ਕੀਵ ਅਤੇ ਹੋਰ ਸ਼ਹਿਰਾਂ 'ਤੇ ਹਮਲੇ ਨਾ ਕਰਨ"।

ਹਾਲਾਂਕਿ, ਅਜੇ ਤੱਕ ਰੂਸ ਵੱਲੋਂ ਇਸ ਬਾਰੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ।

# ਟਰੰਪ, ਸ਼ੂਮਰ 'ਅਮਰੀਕੀ ਸਰਕਾਰ ਦੇ ਸ਼ਟਡਾਊਨ ਨੂੰ ਟਾਲਣ ਲਈ ਸਮਝੌਤੇ' ਵੱਲ ਵਧੇ

**ਸੰਯੁਕਤ ਰਾਸ਼ਟਰ : ਆਪਣਾ ਪੰਜਾਬ ਮੀਡੀਆ :** ਨਿਊਯਾਰਕ ਟਾਈਮਜ਼ ਨੇ ਬੁੱਧਵਾਰ ਨੂੰ ਮਾਮਲੇ ਤੋਂ ਜਾਣੂ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਡੈਮੋਕ੍ਰੇਟਿਕ ਸੈਨੇਟਰ ਚੱਕ ਸ਼ੂਮਰ ਬੁੱਧਵਾਰ ਰਾਤ ਨੂੰ ਸੰਘੀ ਇਮੀਗ੍ਰੇਸ਼ਨ ਏਜੰਟਾਂ 'ਤੇ ਨਵੀਆਂ ਪਾਬੰਦੀਆਂ 'ਤੇ ਗੱਲਬਾਤ ਕਰਨ ਲਈ ਇੱਕ ਸਮਝੌਤੇ



'ਤੇ ਪਹੁੰਚੇ, ਜਿਸ ਨਾਲ ਸ਼ਨੀਵਾਰ ਨੂੰ ਸਰਕਾਰੀ ਬੰਦ ਹੋਣ ਤੋਂ ਬਚਿਆ ਜਾ ਸਕਦਾ ਹੈ। ਵ੍ਹਾਈਟ ਹਾਊਸ ਅਤੇ ਸੈਨੇਟਰ ਸ਼ੂਮਰ ਦੇ ਬੁਲਾਰੇ ਨੇ ਟਿੱਪਣੀ ਲਈ ਰਾਇਟਰਜ਼ ਦੀਆਂ ਬੇਨਤੀਆਂ ਦਾ ਤੁਰੰਤ ਜਵਾਬ ਨਹੀਂ ਦਿੱਤਾ।

# ਯੂ ਐੱਨ ਸਕੱਤਰ ਜਨਰਲ ਨੇ ਵਪਾਰਕ ਅਤੇ ਤਕਨੀਕੀ ਸਹਿਯੋਗ 'ਤੇ ਦਿੱਤਾ ਜ਼ੋਰ




**ਸੰਯੁਕਤ ਰਾਸ਼ਟਰ : ਆਪਣਾ ਪੰਜਾਬ ਮੀਡੀਆ :** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਸਾਲ 2026 ਲਈ ਆਪਣੀਆਂ ਤਰਜੀਹਾਂ

## ਭਾਰਤ-ਈਯੂ ਵਪਾਰ ਸਮਝੌਤੇ ਦਾ ਦਿੱਤਾ ਹਵਾਲਾ

ਬਾਰੇ ਗੱਲ ਕਰਦਿਆਂ ਭਾਰਤ ਅਤੇ ਯੂਰਪੀਅਨ ਯੂਨੀਅਨ (ਈਯੂ) ਵਿਚਾਲੇ ਹੋਏ ਮੁਕਤ ਵਪਾਰ ਸਮਝੌਤੇ (FTA) ਦਾ ਵਿਸ਼ੇਸ਼ ਹਵਾਲਾ ਦਿੱਤਾ ਅਤੇ 'ਬਹੁ-ਧਰੁਵੀ' (multi-polarity) ਵਿਸ਼ਵ ਵਿਵਸਥਾ ਦਾ ਸਮਰਥਨ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਅਮਰੀਕਾ ਅਤੇ ਚੀਨ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ ਕਿ ਵਿਸ਼ਵਵਿਆਪੀ ਸਮੱਸਿਆਵਾਂ ਦਾ ਹੱਲ ਕਿਸੇ ਇੱਕ ਸ਼ਕਤੀ ਦੇ ਹੁਕਮ ਚਲਾਉਣ ਨਾਲ ਨਹੀਂ ਨਿਕਲੇਗਾ ਅਤੇ ਨਾ ਹੀ ਦੋ ਸ਼ਕਤੀਆਂ ਵੱਲੋਂ ਦੁਨੀਆ ਨੂੰ ਆਪਣੇ ਪ੍ਰਭਾਵ ਵਾਲੇ ਖੇਤਰਾਂ ਵਿੱਚ ਵੰਡਣ ਨਾਲ ਹੋਵੇਗਾ।

# ਅਮਰੀਕਾ ਦੀ ਵੱਡੀ ਕਾਰਵਾਈ: 149 ਹੋਰ ਭਾਰਤੀ ਬੇੜੀਆਂ 'ਚ ਬੰਨ੍ਹ ਕੇ ਕੀਤੇ ਡਿਪੋਰਟ


**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਅਮਰੀਕਾ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਏ ਅਤੇ ਬਿਨਾਂ ਦਸਤਾਵੇਜ਼ਾਂ ਤੋਂ ਰਹਿ ਰਹੇ ਭਾਰਤੀਆਂ 'ਤੇ ਸ਼ਿਕੰਜਾ ਕੱਸਦੇ ਹੋਏ ਅਮਰੀਕੀ ਸਰਕਾਰ ਨੇ ਇੱਕ ਵਾਰ ਫਿਰ ਵੱਡੀ ਕਾਰਵਾਈ ਕੀਤੀ ਹੈ। ਤਾਜ਼ਾ ਜਾਣਕਾਰੀ ਅਨੁਸਾਰ, ਅਮਰੀਕਾ ਵੱਲੋਂ



149 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕਰਕੇ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ। ਇਹਨਾਂ ਵਿੱਚ ਜ਼ਿਆਦਾਤਰ ਨੌਜਵਾਨ ਕਰਨਾਲ ਨਾਲ ਸਬੰਧਤ ਦੱਸੇ ਜਾ ਰਹੇ ਹਨ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਅਮਰੀਕਾ ਵੱਲੋਂ ਕਈ ਭਾਰਤੀ ਬੇੜੀਆਂ ਵਿਚ ਬੰਨ੍ਹ ਕੇ ਵਿਸ਼ੇਸ਼ ਜਹਾਜ਼ਾਂ ਰਾਹੀਂ ਡਿਪੋਰਟ ਕੀਤੇ ਗਏ ਸਨ। ਸੂਤਰਾਂ ਅਨੁਸਾਰ ਜਦੋਂ ਤੋਂ ਅਮਰੀਕਾ ਵਿੱਚ ਡੋਨਲਡ ਟਰੰਪ ਦੀ ਸਰਕਾਰ ਆਈ ਹੈ, ਉਦੋਂ ਤੋਂ 'ਅਮਰੀਕਾ ਫਸਟ' ਦੀ ਨੀਤੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

# ਟਰੰਪ ਵਲੋਂ ਵੈਨੇਜ਼ੁਏਲਾ ਦਾ ਹਵਾਈ ਖੇਤਰ ਫਿਰ ਤੋਂ ਖੋਲ੍ਹਣ ਦਾ ਦਿੱਤਾ ਗਿਆ ਹੁਕਮ

**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੱਡਾ ਐਲਾਨ ਕਰਦਿਆਂ ਵੈਨੇਜ਼ੁਏਲਾ ਦਾ ਵਪਾਰਕ ਹਵਾਈ ਖੇਤਰ (Airspace) ਸ਼ੁੱਕਰਵਾਰ ਤੱਕ ਫਿਰ ਤੋਂ ਖੋਲ੍ਹਣ ਦਾ ਹੁਕਮ ਦਿੱਤਾ ਹੈ। ਇਸ ਫੈਸਲੇ ਨਾਲ ਅਮਰੀਕੀ ਨਾਗਰਿਕ ਹੁਣ ਜਲਦੀ ਹੀ ਵੈਨੇਜ਼ੁਏਲਾ ਦੀ ਯਾਤਰਾ ਕਰ ਸਕਣਗੇ। ਰਾਸ਼ਟਰਪਤੀ ਟਰੰਪ ਨੇ ਭਰੋਸਾ ਦਿੱਤਾ ਹੈ ਕਿ ਅਮਰੀਕੀ ਨਾਗਰਿਕ ਉੱਥੇ ਪੂਰੀ ਤਰ੍ਹਾਂ ਸੁਰੱਖਿਅਤ ਰਹਿਣਗੇ।



ਰਾਸ਼ਟਰਪਤੀ ਨੇ ਨਾ ਸਿਰਫ਼ ਸੈਲਾਨੀਆਂ ਲਈ ਰਸਤਾ ਸਾਫ਼ ਕੀਤਾ ਹੈ, ਸਗੋਂ ਵੱਡੀਆਂ ਅਮਰੀਕੀ ਤੇਲ ਕੰਪਨੀਆਂ ਨੂੰ ਵੀ ਕੰਮ ਦੀ ਭਾਲ ਵਿੱਚ ਉੱਥੇ ਜਾਣ ਦੇ ਨਿਰਦੇਸ਼ ਦਿੱਤੇ ਹਨ। ਟਰੰਪ ਨੇ ਟਰਾਂਸਪੋਰਟ ਸਕੱਤਰ ਸ਼ੌਨ ਡਫੀ ਅਤੇ ਫੌਜੀ ਅਧਿਕਾਰੀਆਂ ਨੂੰ ਸਪੱਸ਼ਟ ਹੁਕਮ ਜਾਰੀ ਕੀਤੇ ਹਨ ਕਿ ਦਿਨ ਦੇ ਅੰਤ ਤੱਕ ਵੈਨੇਜ਼ੁਏਲਾ ਦੇ ਅਸਮਾਨ ਨੂੰ ਉਡਾਣਾਂ ਲਈ ਖੋਲ੍ਹ ਦਿੱਤਾ ਜਾਵੇ। ਟਰੰਪ ਪ੍ਰਸ਼ਾਸਨ ਨੇ ਸੰਸਦ ਨੂੰ ਸੂਚਿਤ ਕੀਤਾ ਹੈ ਕਿ ਉਹ ਵੈਨੇਜ਼ੁਏਲਾ ਵਿੱਚ ਬੰਦ ਪਏ ਅਮਰੀਕੀ ਦੂਤਾਵਾਸ ਨੂੰ ਦੁਬਾਰਾ ਖੋਲ੍ਹਣ ਦੀ ਦਿਸ਼ਾ ਵਿੱਚ ਕੰਮ ਕਰ ਰਹੇ ਹਨ।

ਵਿਦੇਸ਼ ਵਿਭਾਗ ਅਨੁਸਾਰ, ਕੁਝ ਖਾਸ ਰਾਜਨਾਇਕ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਉੱਥੇ ਅਸਥਾਈ ਸਟਾਫ ਦੀ ਨਿਯੁਕਤੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਹੈ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Google apna punjab media

Founder & Chief Editor : Gurmit Singh
1 516 989 8001 | 1 631 835 8000

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1847 | FRIDAY JANUARY 30, 2026






A-NEST
Indian Cuisine

NOW OPEN

# IN PLAINVIEW, NEW YORK

WE DO CATERING INDOOR & OUTDOOR FOR ALL OCCASIONS



SUNDAY TO THURSDAY
11 AM TO 3 PM-5 PM TO 10 PM

FRIDAY & SATURDAY
11AM TO 3.30 PM-5PM TO 10.30 PM

516-342-6006

430 WOODBURY ROAD, PLAINVIEW, NY 11803

Anestindiancuisine.com
Anestbury@gmail.com

WE DELIVER USING
Uber Eats Postmates


Copyright: Apna Punjab Media 2025-26
Graphic & Design: Apna Punjab Media Team



Founder & Chief Editor : Gurmit Singh
1516 989 8001 | 1631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com
9 VOL XVIII, ISSUE 1847 | FRIDAY JANUARY 30, 2026
PUNJAB


BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।

*Visit our dedicated pages for the latest national and international news.*

# ਵਿੱਤ ਮੰਤਰੀ ਨਿਰਮਲਾ ਸੀਤਾਰਮਨ ਪੇਸ਼ ਕਰਨਗੇ ਬਜਟ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ:** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਕੇਂਦਰੀ ਬਜਟੀ ਪਹਿਲੀ ਫਰਵਰੀ ਨੂੰ ਸਵੇਰੇ ਗਿਆਰਾਂ ਵਜੇ ਪੇਸ਼ ਕਰਨਗੇ। ਇਸ ਕੇਂਦਰੀ ਬਜਟ ਵਿਚ ਟੈਕਸ ਤੋਂ ਹੋਰ ਰਾਹਤ ਮਿਲਣ ਦੀ ਸੰਭਾਵਨਾ ਹੈ ਤੇ ਇਹ ਬਜਟ ਆਰਥਿਕ ਵਿਕਾਸ 'ਤੇ ਕੇਂਦਰਿਤ ਹੋਵੇਗਾ। ਇਸ ਵੇਲੇ ਆਲਮੀ ਪੱਧਰ 'ਤੇ ਟੈਰਿਫ ਵਾਰ ਛਿੜੀ ਹੋਈ ਹੈ ਤੇ ਕਈ ਥਾਈਂ ਹਾਲਾਤ ਤਣਾਅ ਬਣੇ ਹੋਏ ਹਨ ਪਰ ਆਮ ਲੋਕਾਂ ਨੂੰ ਇਸ ਵਾਰ ਸਰਕਾਰ ਤੋਂ ਖਾਸੀਆਂ ਉਮੀਦਾਂ ਹਨ।

ਕੇਂਦਰ ਸਰਕਾਰ ਨੇ ਪਿਛਲੇ ਬਜਟ ਵਿਚ 12.75 ਲੱਖ ਦੀ ਕਮਾਈ ਟੈਕਸ ਮੁਕਤ ਕੀਤੀ ਸੀ ਤੇ ਸਟੈਂਡਰਡ ਡਿਡਕਸ਼ਨ 75 ਹਜ਼ਾਰ ਕੀਤੀ ਸੀ ਪਰ ਇਸ ਵਾਰ 13 ਲੱਖ ਰੁਪਏ ਦੀ ਕਮਾਈ ਟੈਕਸ ਮੁਕਤ ਕਰਨ ਤੇ ਸਟੈਂਡਰਡ ਡਿਡਕਸ਼ਨ 1 ਲੱਖ ਰੁਪਏ ਕਰਨ ਦੀ ਸੰਭਾਵਨਾ ਹੈ।

# ਚੋਣ ਕਮਿਸ਼ਨ ਨੂੰ ਸੂਚੀ ਵਾਲੇ ਨਾਮ ਜਨਤਕ ਕਰਨ ਦੇ ਨਿਰਦੇਸ਼



## ਦਸਤਾਵੇਜ਼ ਅਤੇ ਇਤਰਾਜ਼ ਵੀ ਜਨਤਕ ਥਾਵਾਂ 'ਤੇ ਹੀ ਜਮ੍ਹਾਂ ਕਰਨ ਲਈ ਕਿਹਾ

**ਨਵੀਂ ਦਿੱਲੀ: ਆਪਣਾ ਪੰਜਾਬ ਮੀਡੀਆ:** ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤੇ ਹਨ ਕਿ ਵੱਖ-ਵੱਖ ਰਾਜਾਂ ਵਿੱਚ ਚੱਲ ਰਹੀ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ (ਐੱਸ ਆਈ ਆਰ) ਪ੍ਰਕਿਰਿਆ ਦੌਰਾਨ 'ਤਰਕਪੂਰਨ ਅੰਤਰ' ਸੂਚੀ ਵਿੱਚ ਸ਼ਾਮਲ ਲੋਕਾਂ ਦੇ ਨਾਮ ਗ੍ਰਾਮ ਪੰਚਾਇਤ ਭਵਨਾਂ ਅਤੇ ਬਲਾਕ ਦਫ਼ਤਰਾਂ ਵਿੱਚ ਪ੍ਰਦਰਸ਼ਿਤ ਕੀਤੇ ਜਾਣ। ਇਨ੍ਹਾਂ ਥਾਵਾਂ 'ਤੇ ਹੀ ਦਸਤਾਵੇਜ਼ ਅਤੇ ਇਤਰਾਜ਼ ਵੀ ਜਮ੍ਹਾਂ ਕੀਤੇ ਜਾਣਗੇ। ਬਿਹਾਰ ਵਿੱਚ ਸੁਧਾਰ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ, ਇਸ ਅਭਿਆਸ ਦਾ ਦੂਜਾ ਪੜਾਅ ਨੌਂ ਰਾਜਾਂ ਛੱਤੀਸਗੜ੍ਹ, ਗੋਆ, ਗੁਜਰਾਤ, ਕੇਰਲਾ, ਮੱਧ ਪ੍ਰਦੇਸ਼, ਰਾਜਸਥਾਨ, ਤਾਮਿਲਨਾਡੂ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਤੋਂ ਇਲਾਵਾ ਤਿੰਨ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅੰਡੇਮਾਨ ਤੇ ਨਿਕੋਬਾਰ, ਲਕਸ਼ਦੀਪ ਅਤੇ ਪੁੱਡੂਚੇਰੀ ਵਿੱਚ ਚਲਾਇਆ ਜਾ ਰਿਹਾ ਹੈ।

ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੁਆਇਮਾਲਿਆ ਬਾਗਚੀ ਦਾ ਬੈਂਚ ਅੱਜ ਡੀ ਐੱਮ ਕੇ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲਾਂ ਕਪਿਲ ਸਿੱਬਲ, ਅਮਿਤ ਆਨੰਦ ਤਿਵਾੜੀ ਅਤੇ ਵਕੀਲ ਵਿਵੇਕ ਸਿੰਘ ਦੀਆਂ ਦਲੀਲਾਂ ਸੁਣ ਰਿਹਾ ਸੀ। ਉਨ੍ਹਾਂ ਮੰਗ ਕੀਤੀ ਕਿ ਜਿਨ੍ਹਾਂ ਵੋਟਰਾਂ ਨੂੰ 'ਤਰਕਪੂਰਨ ਅੰਤਰ' ਸੂਚੀ ਵਿੱਚ ਰੱਖਿਆ ਗਿਆ ਹੈ, ਉਨ੍ਹਾਂ ਨੂੰ ਚੋਣਾਂ ਵਾਲੇ ਸੂਬੇ ਤਾਮਿਲਨਾਡੂ ਵਿੱਚ ਵੋਟਰ ਸੂਚੀ 'ਚ ਨਾਮ ਸ਼ਾਮਲ ਕਰਵਾਉਣ ਲਈ ਲੋੜੀਂਦਾ ਸਮਾਂ ਅਤੇ ਮੌਕਾ ਦਿੱਤਾ ਜਾਵੇ।



# ਕਸ਼ਮੀਰ ਵਿੱਚ ਚਿਲਾਈ ਕਲਾਂ ਦਾ ਦੌਰ ਖਤਮ; ਕਈ ਥਾਵਾਂ 'ਤੇ ਘੱਟੋ-ਘੱਟ ਤਾਪਮਾਨ ਵਧਿਆ

**ਸ੍ਰੀਨਗਰ : ਆਪਣਾ ਪੰਜਾਬ ਮੀਡੀਆ:** ਕਸ਼ਮੀਰ ਵਿਚ 40 ਦਿਨਾਂ ਦੀ ਅਤਿਅੰਤ ਸਰਦੀ ਦਾ ਦੌਰ ਖਤਮ ਹੋ ਗਿਆ ਹੈ। ਇਨ੍ਹਾਂ ਚਾਲੀ ਦਿਨਾਂ ਦੀ ਠੰਢ ਨੂੰ ਚਿਲਾਈ ਕਲਾਂ ਕਿਹਾ ਜਾਂਦਾ ਹੈ ਜੋ ਖਤਮ ਹੋ ਗਿਆ ਹੈ। ਇਸ ਦੌਰਾਨ ਕਸ਼ਮੀਰ ਵਾਦੀ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਰਾਤ ਦਾ ਤਾਪਮਾਨ ਵਧ ਗਿਆ ਹੈ। ਦੂਜੇ ਪਾਸੇ ਸ੍ਰੀਨਗਰ ਸਣੇ ਕਈ ਇਲਾਕਿਆਂ ਵਿੱਚ ਪਾਰਾ ਜਮਾਅ ਦਰਜੇ ਤੋਂ ਉੱਪਰ ਰਿਹਾ। ਮੌਸਮ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਸ੍ਰੀਨਗਰ ਸ਼ਹਿਰ ਵਿੱਚ ਘੱਟੋ-ਘੱਟ ਤਾਪਮਾਨ 1.3 ਡਿਗਰੀ ਸੈਲਸੀਅਸ ਰਿਹਾ, ਜੋ ਪਿਛਲੀ ਰਾਤ ਦੇ ਮਨਫੀ ਦਰਜੇ ਤੋਂ 0.6 ਡਿਗਰੀ ਵੱਧ ਸੀ।



# 'ਮੇਰੇ ਹੱਥੋਂ ਇਹ ਮਰ ਗਈ ਹੈ, ਆ ਕੇ ਲੈ ਜਾਓ..', SWAT ਕਮਾਂਡੋ ਕਾਜਲ ਦੇ ਕਤਲ ਤੋਂ ਬਾਅਦ ਪਤੀ ਨੇ ਪਤਨੀ ਦੇ ਭਰਾ ਨੂੰ ਕੀਤਾ ਫ਼ੋਨ

- **ਦਾਜ ਦੀ ਬਲੀ ਚੜ੍ਹੀ 24 ਸਾਲਾ ਕਾਜਲ**
- **4 ਮਹੀਨੇ ਦੀ ਗਰਭਵਤੀ ਸੀ ਮਹਿਲਾ ਕਮਾਂਡੋ**
- **ਮੁਲਜ਼ਮ ਪਤੀ ਗ੍ਰਿਫਤਾਰ**

**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ:** ਦਿੱਲੀ ਪੁਲੀਸ ਦੀ 24 ਸਾਲਾ SWAT ਕਮਾਂਡੋ ਕਾਜਲ ਚੌਧਰੀ ਦੀ ਮੌਤ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਕਾਜਲ ਦੇ ਭਰਾ ਨਿਖਿਲ ਨੇ ਦੱਸਿਆ ਕਿ 22 ਜਨਵਰੀ ਦੀ ਰਾਤ ਨੂੰ ਜਦੋਂ ਉਹ ਆਪਣੀ ਭੈਣ ਨਾਲ ਫ਼ੋਨ 'ਤੇ ਗੱਲ ਕਰ ਰਿਹਾ ਸੀ, ਤਾਂ ਉਸ ਨੇ ਕਾਜਲ ਦੀਆਂ ਚੀਕਾਂ ਸੁਣੀਆਂ। ਇਸ ਦੇ ਮਹਿਜ਼ ਪੰਜ ਮਿੰਟ ਬਾਅਦ ਉਸ ਦੇ ਜੀਜੇ ਅੰਕੁਰ ਨੇ ਫ਼ੋਨ ਕਰਕੇ ਬੇਹੱਦ ਰੂਹ ਕੰਬਾਊ ਲਹਿਜ਼ੇ ਵਿੱਚ ਕਿਹਾ, " ਮੇਰੇ ਹੱਥੋਂ ਇਹ ਮਰ ਗਈ ਹੈ, ਆ ਕੇ ਇਸ ਦੀ ਦੇਹ ਲੈ ਜਾਓ।"

# ਕੁਵੈਤ ਤੋਂ ਦਿੱਲੀ ਆ ਰਹੇ ਜਹਾਜ਼ 'ਚ ਬੰਬ ਦੀ ਅਫ਼ਵਾਹ ਅਹਿਮਦਾਬਾਦ 'ਚ ਕੀਤੀ ਗਈ ਐਮਰਜੈਂਸੀ ਲੈਂਡਿੰਗ



- **ਜਹਾਜ਼ 'ਚੋਂ ਮਿਲੀ ਹੱਥਲਿਖਤ ਚਿੱਠੀ ਨੇ ਮਚਾਈ ਭਾਜੜ**
- **180 ਮੁਸਾਫਰ ਸੁਰੱਖਿਅਤ**

**ਅਹਿਮਦਾਬਾਦ : ਆਪਣਾ ਪੰਜਾਬ ਮੀਡੀਆ:** ਕੁਵੈਤ ਤੋਂ ਦਿੱਲੀ ਜਾ ਰਹੀ ਇੰਡੀਗੋ ਦੀ ਫਲਾਈਟ ਵਿੱਚ ਬੰਬ ਹੋਣ ਦੀ ਖ਼ਬਰ ਤੋਂ ਬਾਅਦ ਸ਼ੁੱਕਰਵਾਰ ਸਵੇਰੇ ਅਹਿਮਦਾਬਾਦ ਦੇ ਸਰਦਾਰ ਵੱਲਭਭਾਈ ਪਟੇਲ ਕੌਮਾਂਤਰੀ ਹਵਾਈ ਅੱਡੇ 'ਤੇ ਅਫ਼ਰਾ-ਤਫ਼ਰੀ ਮਚ ਗਈ।

ਜਹਾਜ਼ ਵਿੱਚ ਸਵਾਰ ਇੱਕ ਯਾਤਰੀ ਨੂੰ ਕਾਗਜ਼ ਦਾ ਇੱਕ ਟੁਕੜਾ ਮਿਲਿਆ, ਜਿਸ 'ਤੇ ਹੱਥ ਨਾਲ ਲਿਖਿਆ ਸੀ ਕਿ ਜਹਾਜ਼ ਵਿੱਚ ਬੰਬ ਹੈ। ਸੂਚਨਾ ਮਿਲਦਿਆਂ ਹੀ ਪਾਇਲਟ ਨੇ ਤੁਰੰਤ ਏਅਰ ਟ੍ਰੈਫਿਕ ਕੰਟਰੋਲ (ATC) ਨਾਲ ਸੰਪਰਕ ਕੀਤਾ ਅਤੇ ਸਵੇਰੇ ਕਰੀਬ 6:40 ਵਜੇ ਜਹਾਜ਼ ਨੂੰ ਸੁਰੱਖਿਅਤ ਰੂਪ ਵਿੱਚ ਅਹਿਮਦਾਬਾਦ ਵੱਲ ਮੋੜ ਕੇ ਲੈਂਡ ਕਰਵਾਇਆ ਗਿਆ।


Copyright: Apna Punjab Media 2025-26
Graphic & Design: Apna Punjab Media Team



Founder & Chief Editor : Gurmit Singh
1516 989 8001 | 1631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com







ਨਿਊਯਾਰਕ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਦੇ ਜਨਰਲ ਸਕੱਤਰ ਹਰਚਰਨ ਸਿੰਘ ਗੁਲਾਟੀ ਵੱਲੋਂ ਲਿਖੀ ਕਿਤਾਬ "ਅਫ਼ਗਾਨ ਸਿੱਖ ਅਤੇ ਅਫ਼ਗਾਨਿਸਤਾਨ" ਆਪਣਾ ਪੰਜਾਬ ਵਿੱਚ ਲੜੀਵਾਰ ਚੱਲ ਰਹੀ ਹੈ

ਵਲੋਂ

ਗੁਰਮੀਤ ਸਿੰਘ : ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ



# ਅਫ਼ਗਾਨਿਸਤਾਨ (ਭੂਗੋਲ)

## (ਸੰਖੇਪ ਜਾਣਕਾਰੀ)

ਡਾਕਟਰ ਨਜੀਬ ਨੇ ਬਹੁਤ ਕੋਸ਼ਸ਼ ਕੀਤੀ ਜੋ ਮੁਜਾਹਿਦਾਂ ਨਾਲ ਸਮਝੌਤਾ ਕਰਕੇ ਅਫ਼ਗਾਨਿਸਤਾਨ ਵਿਚ ਸ਼ਾਂਤੀ ਸਥਾਪਤ ਕਰੇ ਪਰ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋ ਸਕਿਆ। ਉਸਦੇ ਆਪਣੇ ਗਰੁਪਾਂ ਵਿਚੋਂ ਵੀ ਕਈ ਬਾਗੀ ਹੁੰਦੇ ਗਏ। ਉਹਨੇ ਪਾਰਟੀ ਦਾ ਨਾਂ ਬਦਲਕੇ ਵਤਨ ਦੇ ਨਾਮ ਤੇ ਰੱਖੀ। ਉਸਨੇ ਮੁਜਾਹਿਦਾਂ ਨੂੰ ਖੁਸ਼ ਕਰਨ ਲਈ ਅਤੇ ਦੁਨੀਆ ਦੇ ਕਈ ਮੁਲਕਾਂ ਦੀ ਮਦਦ ਹਾਸਲ ਕਰਨ ਲਈ ਰੂਸ ਨਾਲ ਵੀ ਸਮਝੌਤਾ ਕੀਤਾ ਜੋ ਰੂਸੀ ਫ਼ੌਜ ਅਫ਼ਗਾਨਿਸਤਾਨ ਤੋਂ ਚਲੀ ਜਾਏ।

ਇਸ ਸੰਧੀ ਮੁਤਾਬਕ ਅਤੇ ਇਸਤੇ ਅਮਲ ਕਰਦੇ ਹੋਏ ਰੂਸੀ ਫ਼ੌਜਾਂ 15 ਫ਼ਰਵਰੀ 1989 ਨੂੰ ਕਾਬੁਲ ਤੋਂ ਜਾਣਾ ਸੁਰੂ ਹੋਈਆਂ ਪਰ ਫ਼ਿਰਿ ਵੀ ਦੇਸ਼ ਵਿਚ ਸ਼ਾਂਤੀ ਸਥਾਪਤ ਨਾ ਹੋ ਸਕੀ।

ਅਖੀਰ ਸੰਨ 1991 ਨੂੰ ਉਸਦਾਂ ਆਪਣਾ ਜਨਰਲ ਰਸ਼ੀਦ ਦੋਸਤਮ ਮੁਜਾਹਿਦਾਂ ਨਾਲ ਰਲ ਗਿਆ। ਡਾਕਟਰ ਨਜੀਬ ਦਾ ਤਖਤਾ ਪਲਟ ਦਿੱਤਾ ਗਿਆ। ਡਾਕਟਰ ਨਜੀਬ ਨੇ


ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
APNA PUNJAB MEDIA
Journalism With Guts to Tell It Like It Is!


ਯੂਨਾਇਟਡ ਨੈਸ਼ਨ ਦੇ ਦਫ਼ਤਰ ਵਿਚ ਪਨਾਹ ਲੈ ਲਈ ਅਫ਼ਗਾਨਿਸਤਾਨ ਦੀ ਵਾਗਡੋਰ ਮੁਜਾਹਿਦ ਗਰੁਪਾਂ ਦੇ ਹਵਾਲੇ ਕਰ ਦਿੱਤੀ ਗਈ।

ਕਾਬੁਲ ਵਿਚ 1996 ਤੀਕ ਮੁਜਾਹਿਦ ਗਰੁਪਾਂ ਦਾ ਕੰਟਰੋਲ ਰਿਹਾ ਜੋ ਆਪਸ ਵਿਚ ਲੜਦੇ ਰਹੇ, ਖਾਨਾ ਜੰਗੀ ਕਾਰਨ, ਕਾਬੁਲ ਖਰਾਬ ਹੁੰਦਾ ਗਿਆ।

ਅਫ਼ਗਾਨਿਸਤਾਨ ਦੀ ਜਨਤਾ ਜਿਨ੍ਹਾਂ ਨੂੰ ਬਹੁਤ ਉਮੀਦ ਸੀ ਰੂਸ ਦੇ ਜਾਣ ਨਾਲ ਅਤੇ ਮੁਜਾਹਿਦਾਂ ਦੇ ਆਣ ਨਾਲ ਕਾਬੁਲ ਵਿਚ ਅਮਨ ਹੋ ਜਾਵੇਗਾ ਪਰ ਮੁਜਾਹਿਦਾਂ ਦੇ ਆਪਸੀ ਝਗੜੇ ਤੇ ਲੜਾਈ ਕਾਰਨ ਕਾਬੁਲ ਦਾ ਮੁਹਾਂਦਰਾ ਹੀ ਬਦਲ ਗਿਆ।

1996 ਤੋਂ 2001 ਤੀਕ ਤਾਲਿਬਾਨ ਗਰੁਪ ਦਾ ਰਾਜ ਰਿਹਾ। ਤਾਲਿਬ ਗਰੁਪ ਨੇ ਅਫਗਾਨਿਸਤਾਨ ਵਿਚ ਅਮਨ ਸ਼ਾਂਤੀ ਰੱਖਣ ਲਈ ਕੋਸ਼ਸ਼ਿ ਕੀਤੀ ਪਰ ਉਹਨਾਂ ਵਿਚ ਵੀ ਵਿਦੇਸ਼ੀ ਲੋਕ ਅਤੇ ਕੱਟੜਪੁੜੇ ਕਾਰਨ ਸ਼ਾਂਤੀ ਨਹੀਂ ਹੋ ਸਕੀ। ਅਮਰੀਕਾ ਵਿਚ 11 ਸਤੰਬਰ 2001(ਵਰਲਡ ਟਰੇਡ ਸੈਂਟਰ) ਦੇ ਹਾਦਸੇ ਤੋਂ ਬਾਅਦ ਅਮਰੀਕਾ ਅਤੇ ਪੱਛਮੀ ਮੁਲਕਾਂ ਦੀ ਕਮਾਂਡ ਹੇਠ ਹਮਦ ਸ਼ਾਹ ਮਸਊਦ (ਤਾਜਿਕ)ਦੀ ਪਾਰਟੀ ਨਾਲ ਮਿਲਕੇ ਕਾਬੁਲ, ਅਫ਼ਗਾਨਿਸਤਾਨ ਤੇ ਹਮਲੇ ਕੀਤੇ ਗਏ।

ਤਾਲਿਬਾਨ ਹਕੂਮਤ ਖਤਮ ਕੀਤੀ ਗਈ। ਬਹੁਤ ਸਾਰੇ ਬੇਗੁਨਾਹ ਲੋਕ ਮਾਰੇ ਗਏ ਅਤੇ ਬਹੁਤ ਸਾਰੇ ਤਾਲਿਬਾਨ ਅਤੇ ਅਲਕਾਇਦਾ ਦੇ ਮੈਂਬਰ ਅਮਰੀਕਾ ਵੱਲੋਂ ਬੰਦੀ ਬਣਾਏ ਗਏ।

ਅਮਰੀਕਾ ਨੇ ਸ਼ਾਹ ਮੁਹੰਮਦ ਜ਼ਾਹਿਰ ਸ਼ਾਹ ਜੋ ਇਟਲੀ ਵਿਚ 30 ਸਾਲਾਂ ਤੋਂ ਰਹਿ ਰਿਹਾ ਸੀ, ਦੀ ਸਲਾਹ ਨਾਲ ਅਤੇ ਅਫ਼ਗਾਨੀ ਜਿਰਗੇ ਦੀ ਮਸ਼ਵਰੇ ਨਾਲ ਹਮਦ ਕਰਜ਼ਇ ਨੂੰ ਅਫ਼ਗਾਨਿਸਤਾਨ ਦਾ ਰਾਸ਼ਟਰਪਤੀ ਬਣਾਇਆ ਗਿਆ। ਉਸਦੀ ਰੱਖਵਾਲੀ ਅਤੇ ਅਫ਼ਗਾਨਿਸਤਾਨ ਵਿਚ ਅਮਨ ਸ਼ਾਂਤੀ ਲਈ ਅਮਰੀਕਾ ਅਤੇ ਨਾਟੋ ਦੀ ਫ਼ੌਜ ਅਫ਼ਗਾਨਿਸਤਾਨ ਵਿਚ ਮੌਜੂਦ ਰਹੀ।


Cont...




Copyright: Apna Punjab Media 2025-26


Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1516 989 8001 | 1631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com
NEW YORK

VOL XVIII, ISSUE 1847 | FRIDAY JANUARY 30, 2026

BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹਟਕੇ ਹਟਕੇ

# ਭਾਜਪਾ ਦੇ ਸੌਰਭ ਜੋਸ਼ੀ ਬਣੇ ਚੰਡੀਗੜ੍ਹ ਦੇ ਨਵੇਂ ਮੇਅਰ

## ਭਾਜਪਾ ਦੇ ਜਸਮਨਜੀਤ ਸਿੰਘ ਅਤੇ ਸੁਮਨ ਸ਼ਰਮਾ ਚੰਡੀਗੜ੍ਹ ਡਿਪਟੀ ਮੇਅਰ ਬਣੇ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਬੀਐਮਸੀ ਤੋਂ ਬਾਅਦ ਹੁਣ ਚੰਡੀਗੜ੍ਹ ਵਿੱਚ ਵੀ ਭਾਜਪਾ ਦਾ ਕਮਲ ਖਿੜ ਗਿਆ ਹੈ। ਚੰਡੀਗੜ੍ਹ ਮੇਅਰ ਦੀ ਚੋਣ ਭਾਜਪਾ ਨੇ ਜਿੱਤ ਲਈ ਹੈ। ਚੰਡੀਗੜ੍ਹ ਵਿੱਚ ਭਾਜਪਾ ਨੂੰ ਤਿੰਨ ਖੁਸ਼ਖਬਰੀ ਮਿਲੀਆਂ ਹਨ। ਹਾਂ, ਭਾਜਪਾ ਨੇ ਚੰਡੀਗੜ੍ਹ ਨਗਰ ਨਿਗਮ ਵਿੱਚ ਇੱਕੋ ਸਮੇਂ ਤਿੰਨ ਸੀਟਾਂ 'ਤੇ ਕਬਜ਼ਾ ਕਰ ਲਿਆ ਹੈ।

ਚੰਡੀਗੜ੍ਹ ਮੇਅਰ ਦੇ ਨਾਲ-ਨਾਲ, ਭਾਜਪਾ ਨੇ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਅਹੁਦੇ ਵੀ ਜਿੱਤੇ ਹਨ। ਭਾਜਪਾ ਦੇ ਸੌਰਭ ਜੋਸ਼ੀ ਚੰਡੀਗੜ੍ਹ ਦੇ ਨਵੇਂ ਮੇਅਰ ਬਣ ਗਏ ਹਨ। ਭਾਜਪਾ ਉਮੀਦਵਾਰ ਸੌਰਭ ਜੋਸ਼ੀ ਨੇ ਚੰਡੀਗੜ੍ਹ ਮੇਅਰ ਦੀ ਚੋਣ ਜਿੱਤ ਲਈ ਹੈ।

ਚੰਡੀਗੜ੍ਹ ਮੇਅਰ ਚੋਣ ਨਤੀਜਿਆਂ ਅਨੁਸਾਰ, ਸੌਰਭ ਜੋਸ਼ੀ ਚੰਡੀਗੜ੍ਹ ਦੇ ਮੇਅਰ ਬਣ ਗਏ ਹਨ, ਜਦੋਂ ਕਿ ਭਾਜਪਾ ਦੇ ਜਸਮਨਜੀਤ ਸਿੰਘ ਚੰਡੀਗੜ੍ਹ ਦੇ ਸੀਨੀਅਰ ਡਿਪਟੀ ਮੇਅਰ ਬਣ ਗਏ ਹਨ। ਇਸ ਦੌਰਾਨ, ਭਾਜਪਾ ਦੀ ਸੁਮਨ ਸ਼ਰਮਾ ਚੰਡੀਗੜ੍ਹ ਦੇ ਡਿਪਟੀ ਮੇਅਰ ਬਣ ਗਈ ਹੈ।

# ਸੁਪਰੀਮ ਕੋਰਟ ਵਲੋਂ ਯੂਜੀਸੀ ਦੇ ਨਵੇਂ ਨਿਯਮਾਂ 'ਤੇ ਰੋਕ

## ਕੇਂਦਰ ਨੂੰ ਨਿਯਮਾਂ ਦਾ ਨਵੇਂ ਸਿਰੇ ਤੋਂ ਖਾਕਾ ਤਿਆਰ ਕਰਨ ਲਈ ਕਿਹਾ



**ਨਵੀਂ ਦਿੱਲੀ: ਆਪਣਾ ਪੰਜਾਬ ਮੀਡੀਆ:** ਸੁਪਰੀਮ ਕੋਰਟ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (UGC) ਦੇ ਨਵੇਂ ਸਮਾਨਤਾ ਨਿਯਮਾਂ 'ਤੇ ਸਖ਼ਤ ਟਿੱਪਣੀ ਕਰਦਿਆਂ ਇਨ੍ਹਾਂ ਦੀ ਸਮੀਖਿਆ ਕਰਨ ਦੀ ਗੱਲ ਕਹੀ ਹੈ। ਸੁਪਰੀਮ ਕੋਰਟ ਨੇ ਯੂਜੀਸੀ ਦੇ ਨਵੇਂ ਨਿਯਮਾਂ 'ਤੇ ਰੋਕ ਲਗਾ ਦਿੱਤੀ ਹੈ। ਚੀਫ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜਯੋਮਲਿਆ ਬਾਗਚੀ ਦੀ ਬੈਂਚ ਨੇ ਕਿਹਾ ਕਿ ਨਵੇਂ ਯੂਜੀਸੀ ਨਿਯਮ ਅਸਪਸ਼ਟ ਹਨ ਅਤੇ ਦੁਰਵਰਤੋਂ ਦੀ ਸੰਭਾਵਨਾ ਰੱਖਦੇ ਹਨ। ਇਸ ਤੋਂ ਬਾਅਦ ਵਿੱਚ ਅਦਾਲਤ ਨੇ ਨਵੇਂ ਯੂਜੀਸੀ ਨਿਯਮਾਂ 'ਤੇ ਰੋਕ ਲਗਾ ਦਿੱਤੀ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 19 ਮਾਰਚ ਨੂੰ ਹੋਵੇਗੀ। ਅਦਾਲਤ ਨੇ ਚਿੰਤਾ ਪ੍ਰਗਟਾਈ ਹੈ ਕਿ ਕੀ ਅਸੀਂ ਸਮਾਜਿਕ ਤੌਰ 'ਤੇ ਸਹੀ ਦਿਸ਼ਾ ਵਿੱਚ ਜਾ ਰਹੇ ਹਾਂ ਜਾਂ ਫਿਰ ਉਲਟ ਦਿਸ਼ਾ ਵੱਲ ਕਦਮ ਵਧਾ ਰਹੇ ਹਾਂ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਕੇਂਦਰ ਤੋਂ ਵੀ ਜਵਾਬ ਤਲਬ ਕੀਤਾ ਅਤੇ ਨਾਲ ਹੀ ਵਿਸ਼ੇਸ਼ ਜੱਜ ਨੂੰ ਜਵਾਬ ਦੇਣ ਅਤੇ ਇੱਕ ਕਮੇਟੀ ਬਣਾਉਣ ਲਈ ਕਿਹਾ ਹੈ।

# ਮੈਨੂੰ ਅਫ਼ਸਰਾਂ ਨੇ ਕਿਹਾ ਸੀ ਟ੍ਰੇਨਾਂ ਤੇ ਬਜ਼ਾਰਾਂ 'ਚ ਬੰਬ ਚਲਾ ਕੇ ਦੁਬਾਰਾ ਸਰਕਾਰ ਬਣਾ ਲਵਾਂਗੇ : ਸਾਬਕਾ CM ਰਾਜਿੰਦਰ ਕੌਰ ਭੱਠਲ



**ਨਵੀਂ ਦਿੱਲੀ: ਆਪਣਾ ਪੰਜਾਬ ਮੀਡੀਆ :** ਸਾਬਕਾ CM ਰਾਜਿੰਦਰ ਕੌਰ ਭੱਠਲ ਨੇ ਇੱਕ ਇੰਟਰਵਿਊ ਦੌਰਾਨ ਵੱਡਾ ਦਾਅਵਾ ਕੀਤਾ ਸੀ ਕਿ ਮੇਰੀ ਸਰਕਾਰ ਵੇਲੇ ਮਾੜੀ ਪ੍ਰਪੋਜ਼ਲ ਆਈ ਸੀ। ਉਨ੍ਹਾਂ ਕਿਹਾ ਕਿ 'ਮੈਨੂੰ ਅਫ਼ਸਰਾਂ ਨੇ ਕਿਹਾ ਸੀ, ਸਰਕਾਰ ਦੁਬਾਰਾ ਬਣ ਜਾਵੇਗੀ'। ਉਨ੍ਹਾਂ ਕਿਹਾ ਕਿ 'ਅਫ਼ਸਰਾਂ ਨੇ ਕਿਹਾ ਸੀ ਟ੍ਰੇਨਾਂ ਅਤੇ ਬਜ਼ਾਰਾਂ 'ਚ ਬੰਬ ਚਲਾ ਕੇ ਦਹਿਸ਼ਤ ਫੈਲਾਵਾਂਗੇ'। ਭੱਠਲ ਨੇ ਆਖਿਆ ਕਿ ਲੋਕਾਂ ਨੂੰ ਡਰਾ ਕੇ ਮਰਜ਼ੀ ਨਾਲ ਵੋਟ ਭੁਗਤਾਵਾਂਗੇ। ਉਨ੍ਹਾਂ ਦੱਸਿਆ ਕਿ ਮੈਂ ਅਫ਼ਸਰਾਂ ਨੂੰ ਦੋ ਟੁੱਕ ਕਿਹਾ ਸੀ ਕਿ ਮੈਂ ਲਾਸ਼ਾਂ ਦੇ ਸਹਾਰੇ ਰਾਜ ਨਹੀਂ ਕਰਾਂਗੀ। ਉਹ ਆਖਿਆ ਕਿ ਮੈਂ ਕਦੇ ਕਿਸੇ ਨਾਲ ਧੱਕਾ ਨਹੀਂ ਹੋਣ ਦਿੱਤਾ। ਭੱਠਲ ਨੇ ਕਿਹਾ ਕਿ "ਮੈਂ ਉਸ ਵੇਲੇ ਹੀ ਅਫ਼ਸਰਾਂ ਨੂੰ ਝਿੜਕਿਆ ਸੀ ਅਤੇ ਕਿਹਾ ਕਿ ਜੇ ਛੋਟੀ ਜਿਹੀ ਘਟਨਾ ਵੀ ਵਾਪਰੀ ਤਾਂ ਅਫ਼ਸਰਾਂ ਦੀ ਜਵਾਬਦੇਹੀ ਹੋਵੇਗੀ। ਉਨ੍ਹਾਂ ਕਿਹਾ ਕਿ ਅਫਸਰ ਸਲਾਹਾਂ ਦਿੰਦੇ ਹਨ, ਮੰਨਣਾ ਨਾ ਮੰਨਣਾ ਆਪਣੀ ਮਰਜ਼ੀ ਹੁੰਦੀ ਹੈ।

# ਬਿਕਰਮ ਸਿੰਘ ਮਜੀਠੀਆ ਚੜ੍ਹਦੀ ਕਲਾ 'ਚ- ਸੁਖਬੀਰ ਸਿੰਘ ਬਾਦਲ

**ਨਾਭਾ : ਆਪਣਾ ਪੰਜਾਬ ਮੀਡੀਆ :** ਨਾਭਾ ਜੇਲ 'ਚ ਨਜ਼ਰਬੰਦ ਬਿਕਰਮ ਸਿੰਘ ਮਜੀਠੀਆ ਨੂੰ ਮਿਲਣ ਪਹੁੰਚੇ ਸੁਖਬੀਰ ਸਿੰਘ ਬਾਦਲ ਨੇ ਕਰੀਬ ਅੱਧਾ ਘੰਟਾ ਬਿਕਰਮ ਸਿੰਘ ਮਜੀਠੀਆ ਨਾਲ ਗੱਲਬਾਤ ਕੀਤੀ। ਮੁਲਾਕਾਤ ਪਿੱਛੋਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੈਂ ਬਿਕਰਮ ਮਜੀਠੀਆ ਨੂੰ ਮਿਲ ਕੇ ਆਇਆ ਹਾਂ, ਉਹ ਬਿਲਕੁਲ ਤੰਦਰੁਸਤ ਅਤੇ ਚੜ੍ਹਦੀ ਕਲਾ 'ਚ ਹਨ। ਉਨ੍ਹਾਂ ਪੰਜਾਬ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ ਜੋ ਪੰਜਾਬ ਸਰਕਾਰ ਵਲੋਂ ਸੱਤਾ ਦੇ ਨਸ਼ੇ 'ਚ ਜੋ ਝੂਠੇ ਪਰਚੇ ਕੀਤੇ ਹਨ, ਸਾਡੀ ਸਰਕਾਰ ਆਉਣ ਉਤੇ ਉਨ੍ਹਾਂ ਸਾਰੇ ਪਰਚਿਆਂ



ਨੂੰ ਰੱਦ ਕੀਤਾ ਜਾਵੇਗਾ। ਪਾਣੀ ਦੇ ਮੁੱਦਿਆਂ 'ਤੇ ਬੋਲਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਭਗਵੰਤ ਮਾਨ ਕੇਂਦਰ ਸਰਕਾਰ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
COVERING DIASPORA INTERNATIONALLY
APNA PUNJAB media.tv HD
Founder & Chief Editor: Gurmit Singh
1516 989 8001 | 1631 835 8000
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


# ਨਿਊਜ਼ੀਲੈਂਡ ਟਰੰਪ ਦੇ ਗਾਜ਼ਾ 'ਬੋਰਡ ਆਫ਼ ਪੀਸ' ਵਿੱਚ ਸ਼ਾਮਲ ਨਹੀਂ ਹੋਵੇਗਾ : ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ



**ਆਕਲੈਂਡ : ਆਪਣਾ ਪੰਜਾਬ ਮੀਡੀਆ :** ਪ੍ਰਧਾਨ ਮੰਤਰੀ ਕ੍ਰਿਸਟੋਫ਼ਰ ਲਕਸਨ ਨੇ ਐਲਾਨ ਕੀਤਾ ਹੈ ਕਿ ਨਿਊਜ਼ੀਲੈਂਡ ਸੰਯੁਕਤ ਰਾਜ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗਾਜ਼ਾ ਲਈ ਐਲਾਨੇ ਗਏ "ਬੋਰਡ ਆਫ਼ ਪੀਸ" ਵਿੱਚ ਸ਼ਾਮਲ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਮੌਜੂਦਾ ਰੂਪ ਵਿੱਚ ਮਿਲੇ ਸੱਦਾ ਪੱਤਰ ਨੂੰ ਸਵੀਕਾਰ ਨਾ ਕਰਨ ਦਾ ਫੈਸਲਾ ਕੀਤਾ ਹੈ। ਸ਼ੁੱਕਰਵਾਰ ਸਵੇਰੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਪ੍ਰਧਾਨ ਮੰਤਰੀ ਲਕਸਨ ਨੇ ਦੱਸਿਆ ਕਿ ਸਰਕਾਰ ਨੇ ਇਸ ਪੇਸ਼ਕਸ਼ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਬਾਅਦ ਇਹ ਫੈਸਲਾ ਲਿਆ ਹੈ। ਹਾਲਾਂਕਿ ਅਜਿਹਾ ਕਿਉਂ ਨਹੀਂ ਕੀਤਾ ਜਾਏਗਾ, ਇਹ ਨਹੀਂ ਦੱਸਿਆ ਗਿਆ, ਪਰ ਉਨ੍ਹਾਂ ਸਪਸ਼ਟ ਕੀਤਾ ਕਿ ਨਿਊਜ਼ੀਲੈਂਡ ਇਸ ਬੋਰਡ ਦਾ ਹਿੱਸਾ ਨਹੀਂ ਬਣੇਗਾ। ਰਿਪੋਰਟਾਂ ਮੁਤਾਬਕ, ਇਸ ਸੰਸਥਾ ਦਾ ਇੱਕ ਮਸੌਦਾ ਚਾਰਟਰ—ਜਿਸ ਦੀ ਅਗਵਾਈ ਰਾਸ਼ਟਰਪਤੀ ਡੋਨਾਲਡ ਟਰੰਪ ਕਰਨਗੇ—ਕਈ ਵਿਸ਼ਵ ਆਗੂਆਂ ਨੂੰ ਭੇਜਿਆ ਗਿਆ ਹੈ। ਇਨ੍ਹਾਂ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ, ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ੀ, ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਸ਼ਾਮਲ ਹਨ।

# ਮੈਲਬੌਰਨ ਵਿੱਚ ਕਾਂਟੈਕਟਲੈੱਸ Myki ਕਾਰਡਾਂ ਦਾ ਸ਼ੁਰੂ ਹੋਣ ਜਾ ਰਿਹਾ ਟਰਾਇਲ

**ਮੈਲਬੌਰਨ : ਆਪਣਾ ਪੰਜਾਬ ਮੀਡੀਆ :** ਵਿਕਟੋਰੀਆ ਸਰਕਾਰ ਵੱਲੋਂ ਲਗਭਗ ਤਿੰਨ ਸਾਲ ਪਹਿਲਾਂ ਫ਼ਿਜ਼ੀਕਲ Myki ਕਾਰਡਾਂ ਤੋਂ ਹਟ ਕੇ ਨਵੀਂ ਪ੍ਰਣਾਲੀ ਲਿਆਉਣ ਦੇ ਐਲਾਨ ਤੋਂ ਬਾਅਦ ਹੁਣ ਕਾਂਟੈਕਟਲੈੱਸ Myki ਕਾਰਡਾਂ ਦੀ ਟਰਾਇਲ ਸ਼ੁਰੂ ਕੀਤੀ ਜਾ ਰਹੀ ਹੈ। ਮੈਲਬਰਨ ਦੇ ਕਈ ਯਾਤਰੀ ਪਲਾਸਟਿਕ ਮਾਇਕੀ ਕਾਰਡ ਨੂੰ ਹੁਣ ਪੁਰਾਣੀ ਚੀਜ਼ ਸਮਝਦੇ ਹਨ ਅਤੇ ਕਰੈਡਿਟ ਕਾਰਡਾਂ ਵਰਗੀ ਆਸਾਨ ਟੈਪ-ਐਂਡ-ਗੋ ਸਹੂਲਤ ਦੀ ਉਡੀਕ ਕਰ ਰਹੇ ਹਨ। ਅਗਲੇ ਮਹੀਨੇ ਤੋਂ ਲੈਬ ਟੈਸਟਿੰਗ ਦੀ ਸ਼ੁਰੂਆਤ ਕੀਤੀ ਜਾਵੇਗੀ, ਜਿਸ ਵਿੱਚ




100 ਤੋਂ ਵੱਧ ਸਰਕਾਰੀ ਕਰਮਚਾਰੀ ਵੱਖ-ਵੱਖ ਬੈਂਕ ਕਾਰਡਾਂ ਅਤੇ ਡਿਵਾਈਸਾਂ ਨਾਲ ਇਸ ਸਿਸਟਮ ਦੀ ਜਾਂਚ ਕਰਨਗੇ। ਇਸ ਤੋਂ ਬਾਅਦ 2 ਰੇਲਵੇ ਸਟੇਸ਼ਨਾਂ 'ਤੇ ਟਰਾਇਲ ਕੀਤੀ ਜਾਵੇਗੀ। ਹਾਲਾਂਕਿ, ਇਹ ਹਾਲੇ ਸਪਸ਼ਟ ਨਹੀਂ ਕਿ ਇਹ ਸਹੂਲਤ ਆਮ ਲੋਕਾਂ ਲਈ ਕਦੋਂ ਉਪਲਬਧ ਹੋਵੇਗੀ। ਪਬਲਿਕ ਟਰਾਂਸਪੋਰਟ ਮੰਤਰੀ ਗੈਬਰੀਏਲ ਵਿਲੀਅਮਜ਼ ਨੇ ਕਿਹਾ ਕਿ ਭਵਿੱਖ ਵਿੱਚ ਇਸ ਦੀ ਪੂਰੀ ਸ਼ੁਰੂਆਤ ਦੇ ਸਮੇਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਟਰਾਂਸਪੋਰਟ ਉਪਭੋਗਤਾ ਸੰਸਥਾਵਾਂ ਦਾ ਕਹਿਣਾ ਹੈ ਕਿ ਵਿਕਟੋਰੀਆ ਇਸ ਮਾਮਲੇ ਵਿੱਚ ਕਾਫ਼ੀ ਪਿੱਛੇ ਰਹਿ ਗਿਆ ਹੈ, ਕਿਉਂਕਿ ਸਿਡਨੀ, ਐਡਲੇਡ, ਪਰਥ, ਬ੍ਰਿਸਬੇਨ ਅਤੇ ਕੈਨਬਰਾ ਵਿੱਚ ਪਹਿਲਾਂ ਹੀ ਟੈਪ-ਐਂਡ-ਗੋ ਸਿਸਟਮ ਮੌਜੂਦ ਹੈ। ਨਵੇਂ ਸਿਸਟਮ ਦੇ ਲਾਗੂ ਹੋਣ ਤੋਂ ਬਾਅਦ ਇਹ ਸ਼ੁਰੂ ਵਿੱਚ ਸਿਰਫ਼ ਰੇਲ ਨੈਟਵਰਕ ਅਤੇ ਪੂਰਾ ਕਿਰਾਇਆ ਭਰਨ ਵਾਲੇ ਯਾਤਰੀਆਂ ਲਈ ਹੀ ਉਪਲਬਧ ਹੋਵੇਗਾ।





Copyright: Apna Punjab Media 2025-26

ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

Founder & Chief Editor: Gurmit Singh

1 516 989 8001 | 1 631 835 8000

COVERING DIASPORA INTERNATIONALLY

APNA PUNJAB media.tv HD

CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com







# NATIONAL SUPPLIES CORP.

N·S·C "We Serve To Build Better"

Routine Ma900 S COLUMBUS AVE MOUNT VERNON NY 10550intenance

## YOUR ONE STEP FOR

## SCAFFOLDING, SIDEWALK BRIDGE & BUILDING MATERIAL

ਨਿਊਯਾਰਕ ਟ੍ਰਾਈਸਟੇਟ ਇਲਾਕੇ ਵਿੱਚ ਕੰਸਟ੍ਰਕਸ਼ਨ ਵਾਲੇ ਵੀਰਾਂ ਦਾ ਆਪਣਾ ਸਭ ਤੋਂ ਵੱਡਾ ਇੱਕੋ-ਇੱਕ ਸਟੋਰ ਜਿੱਥੇ ਹਰ ਤਰ੍ਹਾਂ ਦਾ ਬਿਲਡਿੰਗ ਅਤੇ ਸਕੈਫੋਲਡਿੰਗ ਦਾ ਸਮਾਨ ਇੱਕ ਹੀ ਥਾਂ ਤੋਂ ਮਿਲ ਜਾਂਦਾ ਹੈ ।

## OUR PRODUCTS & SERVICES

- Shingles
- All kind of Insulations
- Siding (All Color)
- Soffit
- Sheetrock
- Firestone Roof
- Compound
- Stud & Track
- Plywood
- Lumber
- SPEC Mix
- Sand & Gravel
- Thorocoat
- Oil Based Paint
- Granite and Tiles
- Limestone
- Cement Stone
- Window Sill
- All Kind of Pavers
- All Kind of Bricks
- Banister Handrail and Granite
- Veneer Wall Stone









Mon to Fri: 7:00 am to 4:30 pm | Sat: 7:00 am to 2:00 pm Sunday: Closed

Store: 1 914 699 2170 | Cell: 1 917 544 3507

www.nationalsuppliescorp.com sales@nationalsuppliesnyc.com





Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1516 989 8001 | 1631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1847 | FRIDAY JANUARY 30, 2026



BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ



# ਨਵਜੰਮੇ ਬੱਚਿਆਂ ਲਈ 'ਟਰੰਪ ਅਕਾਊਂਟਸ': ਹਰ ਬੱਚੇ ਨੂੰ $1,000 ਦਾ ਟੈਕਸ-ਫ੍ਰੀ ਨਿਵੇਸ਼ ਖਾਤਾ


**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੇ ਨਵਜੰਮੇ ਬੱਚਿਆਂ ਲਈ ਇੱਕ ਇਤਿਹਾਸਕ ਅਤੇ ਵੱਡੇ ਵਿੱਤੀ ਪ੍ਰੋਗਰਾਮ 'ਟਰੰਪ ਅਕਾਊਂਟਸ' (Trump Accounts) ਦਾ ਐਲਾਨ ਕੀਤਾ ਹੈ।

ਬੁੱਧਵਾਰ ਨੂੰ ਟ੍ਰੇਜ਼ਰੀ ਵਿਭਾਗ ਵਿੱਚ ਆਯੋਜਿਤ ਸੰਮੇਲਨ ਦੌਰਾਨ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਇਸ ਯੋਜਨਾ ਤਹਿਤ ਅਮਰੀਕਾ ਵਿੱਚ ਪੈਦਾ ਹੋਣ ਵਾਲੇ ਹਰ ਬੱਚੇ ਨੂੰ ਸਰਕਾਰ ਵੱਲੋਂ ਇੱਕ ਨਿਵੇਸ਼ ਖਾਤਾ ਦਿੱਤਾ ਜਾਵੇਗਾ, ਤਾਂ ਜੋ ਉਨ੍ਹਾਂ ਦਾ ਭਵਿੱਖ ਆਰਥਿਕ ਤੌਰ 'ਤੇ ਸੁਰੱਖਿਅਤ ਬਣਾਇਆ ਜਾ ਸਕੇ। ਰਾਸ਼ਟਰਪਤੀ ਮੁਤਾਬਕ, ਹਰ ਨਵਜੰਮੇ ਬੱਚੇ ਦੇ ਖਾਤੇ ਵਿੱਚ ਸਰਕਾਰ ਵੱਲੋਂ $1,000 (ਕਰੀਬ 83 ਹਜ਼ਾਰ ਰੁਪਏ) ਦੀ ਸ਼ੁਰੂਆਤੀ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ।

ਇਹ ਖਾਤੇ ਪੂਰੀ ਤਰ੍ਹਾਂ ਟੈਕਸ-ਫ੍ਰੀ ਹੋਣਗੇ। ਇਸ ਤੋਂ ਇਲਾਵਾ ਮਾਪੇ, ਰੁਜ਼ਗਾਰਦਾਤਾ ਅਤੇ ਰਾਜ ਸਰਕਾਰਾਂ ਵੱਲੋਂ ਸਾਲਾਨਾ $5,000 ਤੱਕ ਦਾ ਵਾਧੂ ਯੋਗਦਾਨ ਵੀ ਪਾਇਆ ਜਾ ਸਕੇਗਾ।

ਟਰੰਪ ਨੇ ਦੱਸਿਆ ਕਿ ਇਹ ਖਾਤੇ 4 ਜੁਲਾਈ (ਅਮਰੀਕੀ ਸੁਤੰਤਰਤਾ ਦਿਵਸ) ਤੋਂ ਇੱਕ ਵਿਸ਼ੇਸ਼ ਸਰਕਾਰੀ ਵੈੱਬਸਾਈਟ ਰਾਹੀਂ ਐਕਟੀਵੇਟ ਕੀਤੇ ਜਾ ਸਕਣਗੇ। ਉਨ੍ਹਾਂ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਅਮਰੀਕੀ ਬੱਚੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਜ਼ੇ ਨਾਲ ਨਹੀਂ, ਸਗੋਂ ਜਾਇਦਾਦ ਅਤੇ ਪੂੰਜੀ (Assets) ਨਾਲ ਕਰਨ।"

# ਟੈਕਸਾਸ ਸਰਕਾਰ ਦਾ ਕੜਕ ਕਦਮ, H-1B ਵੀਜ਼ੇ 'ਤੇ ਮਈ 2027 ਤੱਕ ਬ੍ਰੇਕ




**ਹਿਊਸਟਨ : ਆਪਣਾ ਪੰਜਾਬ ਮੀਡੀਆ :** ਅਮਰੀਕਾ ਦੇ ਸੂਬੇ ਟੈਕਸਾਸ ਤੋਂ ਭਾਰਤੀ ਪੇਸ਼ੇਵਰਾਂ ਅਤੇ ਵਿਦਿਆਰਥੀਆਂ ਲਈ ਇੱਕ ਚਿੰਤਾਜਨਕ ਖ਼ਬਰ ਸਾਹਮਣੇਆਈਹੈ।ਟੈਕਸਾਸ ਦੇ ਗਵਰਨਰ ਗ੍ਰੇਗ ਐਬਟ ਨੇ ਸੂਬੇ ਦੀਆਂ ਸਾਰੀਆਂ ਸਰਕਾਰੀ ਏਜੰਸੀਆਂ ਅਤੇ ਜਨਤਕ ਯੂਨੀਵਰਸਿਟੀਆਂ ਵੱਲੋਂ ਨਵੀਆਂ H-1B ਵੀਜ਼ਾ ਪਟੀਸ਼ਨਾਂ ਦਾਇਰ ਕਰਨ 'ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਗਵਰਨਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ, ਇਹ ਫੈਸਲਾ ਮਈ 2027 ਤੱਕ ਲਾਗੂ ਰਹੇਗਾ। ਹੁਣ ਕੋਈ ਵੀ ਸਰਕਾਰੀ ਸੰਸਥਾ ਜਾਂ ਯੂਨੀਵਰਸਿਟੀ ਟੈਕਸਾਸ ਵਰਕਫੋਰਸ ਕਮਿਸ਼ਨ ਦੀ ਲਿਖਤੀ ਮਨਜ਼ੂਰੀ ਤੋਂ ਬਿਨਾਂ ਨਵੀਂ H-1B ਵੀਜ਼ਾ ਅਰਜ਼ੀ ਦਾਇਰ ਨਹੀਂ ਕਰ ਸਕੇਗੀ।

# ਅਮਰੀਕੀ ਵਿੱਤ ਮੰਤਰੀ ਭਾਰਤ-ਯੂਰੋਪੀਅਨ ਯੂਨੀਅਨ ਵਪਾਰ ਸਮਝੌਤੇ ਤੋਂ ਬਹੁਤ ਨਿਰਾਸ਼



**ਨਿਊਯਾਰਕ : ਆਪਣਾ ਪੰਜਾਬ ਮੀਡੀਆ :** ਭਾਰਤ ਅਤੇ ਯੂਰਪੀਅਨ ਯੂਨੀਅਨ (ਈਯੂ) ਵਿਚਕਾਰ ਹੋਏ ਮੁਕਤ ਵਪਾਰ ਸਮਝੌਤੇ (ਐੱਫਟੀਆ) ਨੂੰ ਲੈ ਕੇ ਅਮਰੀਕਾ ਨੇ ਖੁੱਲ੍ਹ ਕੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਅਮਰੀਕੀ ਵਿੱਤ ਮੰਤਰੀ ਸਕੌਟ ਬੇਸੈਂਟ ਨੇ ਯੂਰਪੀ ਦੇਸ਼ਾਂ ਨੂੰ "ਨਿਰਾਸ਼ਾਜਨਕ" ਕਰਾਰ ਦਿੰਦਿਆਂ ਕਿਹਾ ਕਿ ਉਹ ਰੂਸ-ਯੂਕਰੇਨ ਯੁੱਧ ਦੇ ਬਾਵਜੂਦ ਵਪਾਰਕ ਹਿਤਾਂ ਨੂੰ ਪਹਿਲ ਦੇ ਰਹੇ ਹਨ। ਸੀਐਨਬੀਸੀ ਨੂੰ ਦਿੱਤੇ ਇੰਟਰਵਿਊ ਵਿੱਚ ਬੇਸੈਂਟ ਨੇ ਦੋਸ਼ ਲਗਾਇਆ ਕਿ ਭਾਰਤ ਵੱਲੋਂ ਖਰੀਦੇ ਗਏ ਰੂਸੀ ਤੇਲ ਤੋਂ ਤਿਆਰ ਰਿਫਾਇੰਡ ਉਤਪਾਦਾਂ ਦਾ ਸਭ ਤੋਂ ਵੱਡਾ ਖਰੀਦਦਾਰ ਯੂਰਪ ਹੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਰੂਸੀ ਤੇਲ ਦੀ ਖਰੀਦ 'ਤੇ ਭਾਰਤ ਖ਼ਿਲਾਫ਼ ਟੈਰਿਫ ਅਤੇ ਪਾਬੰਦੀਆਂ ਲਗਾਈਆਂ, ਪਰ ਯੂਰਪੀ ਦੇਸ਼ਾਂ ਨੇ ਇਸ ਮਾਮਲੇ 'ਚ ਵਾਸ਼ਿੰਗਟਨ ਦਾ ਸਾਥ ਨਹੀਂ ਦਿੱਤਾ।

# >>> ਅਮੇਜ਼ਨ ਵੱਲੋਂ 16,000 ਕਰਮਚਾਰੀਆਂ ਦੀ ਕਟੌਤੀ ਦਾ ਐਲਾਨ...

amazon

**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਦੁਨੀਆ ਦੀ ਦਿੱਗਜ ਈ-ਕਾਮਰਸ ਕੰਪਨੀ ਅਮੇਜ਼ਨ (Amazon) ਨੇ ਲਗਭਗ 16,000 ਕਰਮਚਾਰੀਆਂ ਦੀ ਛਾਂਟੀ ਕਰਨ ਦਾ ਐਲਾਨ ਕਰਕੇ ਕਾਰਪੋਰੇਟ ਜਗਤ ਨੂੰ ਹੈਰਾਨ ਕਰ ਦਿੱਤਾ ਹੈ। ਕੰਪਨੀ ਮੁਤਾਬਕ, ਇਹ ਕਦਮ ਸੰਗਠਨਾਤਮਕ ਢਾਂਚੇ ਨੂੰ ਹੋਰ ਸਰਲ, ਪ੍ਰਭਾਵਸ਼ਾਲੀ ਅਤੇ ਲੰਬੇ ਸਮੇਂ ਦੀ ਰਣਨੀਤੀ ਦੇ ਅਨੁਕੂਲ ਬਣਾਉਣ ਲਈ ਚੁੱਕਿਆ ਗਿਆ ਹੈ। ਅਮੇਜ਼ਨ ਨੇ ਸਪੱਸ਼ਟ ਕੀਤਾ ਹੈ ਕਿ ਹੁਣ ਕੰਪਨੀ ਆਪਣਾ ਧਿਆਨ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਅਤੇ ਹੋਰ ਰਣਨੀਤਕ ਤਕਨਾਲੋਜੀ ਖੇਤਰਾਂ ਵੱਲ ਕੇਂਦਰਿਤ ਕਰ ਰਹੀ ਹੈ। ਇਸਦੇ ਨਾਲ ਹੀ ਪ੍ਰਬੰਧਨ ਦੇ ਕਈ ਪੱਧਰ ਘਟਾਏ ਜਾ ਰਹੇ ਹਨ, ਤਾਂ ਜੋ ਫੈਸਲਾ-ਪ੍ਰਕਿਰਿਆ ਤੇਜ਼ ਹੋ ਸਕੇ ਅਤੇ ਬੇਲੋੜੀ ਨੌਕਰਸ਼ਾਹੀ ਨੂੰ ਖਤਮ ਕੀਤਾ ਜਾ ਸਕੇ। ਕੋਰੋਨਾ ਮਹਾਂਮਾਰੀ ਦੌਰਾਨ ਕੀਤੀਆਂ ਗਈਆਂ ਵਾਧੂ ਭਰਤੀਆਂ ਨੂੰ ਘੱਟ ਕਰਨਾ ਵੀ ਇਸ ਯੋਜਨਾ ਦਾ ਇੱਕ ਅਹੰਕਾਰਪੂਰਨ ਹਿੱਸਾ ਹੈ।


Copyright: Apna Punjab Media 2025-26



ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

COVERING DIASPORA INTERNATIONALLY

APNA PUNJAB media.tv HD

Founder & Chief Editor: Gurmit Singh

1516 989 8001 | 1631 835 8000

CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com





BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।

*Visit our dedicated pages for the latest national and international news.*


# 11 ਸਾਲਾਂ 'ਚ ਭਾਰਤ ਦੀ ਆਰਥਿਕ ਨੀਂਹ ਹੋਈ ਮਜ਼ਬੂਤ : ਦਰੋਪਦੀ ਮੁਰਮੂ



## ਰਾਸ਼ਟਰਪਤੀ ਨੇ ਸੰਸਦ ਦੇ ਸਾਂਝੇ ਇਜਲਾਸ ਨੂੰ ਸੰਬੋਧਨ ਕੀਤਾ

**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ:** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੰਸਦ ਦੇ ਸਾਂਝੇ ਇਜਲਾਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਭਾਰਤ ਦੀ ਆਰਥਿਕ ਨੀਂਹ ਕਾਫ਼ੀ ਮਜ਼ਬੂਤ ਹੋਈ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਨੀਤੀਆਂ ਕਾਰਨ ਮਹਿੰਗਾਈ ਕਾਬੂ ਹੇਠ ਰਹੀ, ਲੋਕਾਂ ਦੀ ਆਮਦਨ ਅਤੇ ਖਰੀਦ ਸ਼ਕਤੀ ਵਿੱਚ ਵਾਧਾ ਹੋਇਆ ਹੈ। ਕੌਮਾਂਤਰੀ ਸੰਕਟਾਂ ਦੇ ਬਾਵਜੂਦ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਵੱਡੀ ਅਰਥਵਿਵਸਥਾ ਬਣਿਆ ਹੋਇਆ ਹੈ। ਰਾਸ਼ਟਰਪਤੀ ਨੇ ਯੂਰੋਪੀਅਨ ਯੂਨੀਅਨ ਨਾਲ ਹੋਏ ਮੁਕਤ ਵਪਾਰ ਸਮਝੌਤੇ ਨੂੰ ਅਹਿਮ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਉਤਪਾਦਨ ਅਤੇ ਸੇਵਾ ਖੇਤਰ ਨੂੰ ਹੁਲਾਰਾ ਮਿਲੇਗਾ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਉਨ੍ਹਾਂ ਜੀਐੱਸਟੀ ਸੁਧਾਰਾਂ ਅਤੇ 12 ਲੱਖ ਰੁਪਏ ਤੱਕ ਦੀ ਆਮਦਨ ਨੂੰ ਟੈਕਸ ਮੁਕਤ ਕਰਨ ਦੇ ਫੈਸਲੇ ਨੂੰ ਮੱਧ ਵਰਗ ਲਈ ਵੱਡੀ ਰਾਹਤ ਦੱਸਿਆ।


ਖੇਤੀ ਖੇਤਰ ਬਾਰੇ ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਖੁਸ਼ਹਾਲੀ ਸਰਕਾਰ ਦੀ ਪ੍ਰਾਥਮਿਕਤਾ ਹੈ ਅਤੇ ਪੀਐੱਮ ਕਿਸਾਨ ਸਨਮਾਨ ਨਿਧੀ ਤਹਿਤ 4 ਲੱਖ ਕਰੋੜ ਰੁਪਏ ਸਿੱਧੇ ਖਾਤਿਆਂ ਵਿੱਚ ਭੇਜੇ ਗਏ ਹਨ। ਉਨ੍ਹਾਂ ਏਆਈ ਦੀ ਦੁਰਵਰਤੋਂ ਅਤੇ ਡੀਪਫੇਕ ਨੂੰ ਲੋਕਤੰਤਰ ਲਈ ਖਤਰਾ ਦੱਸਦਿਆਂ ਸੈਮੀਕੰਡਕਟਰ ਖੇਤਰ ਵਿੱਚ ਭਾਰਤ ਦੀ ਆਤਮਨਿਰਭਰਤਾ ਉੱਤੇ ਵੀ ਜ਼ੋਰ ਦਿੱਤਾ।

# ਚੰਡੀਗੜ੍ਹ 'ਤੇ ਪੰਜਾਬ ਦਾ ਹੱਕ, ਧੱਕੇਸ਼ਾਹੀ ਨਹੀਂ ਸਹਾਂਗੇ: ਭਗਵੰਤ ਮਾਨ



**ਮੋਗਾ : ਆਪਣਾ ਪੰਜਾਬ ਮੀਡੀਆ:** ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਕਿਹਾ ਕਿ ਚੰਡੀਗੜ੍ਹ 'ਤੇ ਸਿਰਫ਼ ਪੰਜਾਬ ਦਾ ਹੱਕ ਹੈ ਅਤੇ ਰਹੇਗਾ। ਉਨ੍ਹਾਂ ਕਿਹਾ ਕਿ ਕੇਂਦਰ ਨੇ ਪੰਜਾਬ ਨਾਲ ਪਹਿਲਾਂ ਹੀ ਕਈ ਧੱਕੇ ਕੀਤੇ ਹਨ ਤੇ ਹੁਣ ਹੋਰ ਧੱਕੇਸ਼ਾਹੀ ਸਹਿਣ ਨਹੀਂ ਕੀਤੀ ਜਾਵੇਗੀ। ਪੰਜਾਬ ਸਰਕਾਰ ਕਿਸੇ ਨੂੰ ਵੀ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਨ ਦੀ ਇਜਾਜ਼ਤ ਨਹੀਂ ਦੇਵੇਗੀ। ਮੁੱਖ ਮੰਤਰੀ ਅੱਜ ਇਥੇ ਪਿੰਡ ਢੁੱਡੀਕੇ ਵਿਚ ਮਹਾਨ ਸੁਤੰਤਰਤਾ ਸੰਗਰਾਮੀ ਅਤੇ ਸਵਦੇਸ਼ੀ ਲਹਿਰ ਦੇ ਮੋਹਰੀ ਆਗੂ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਨੂੰ ਉਨ੍ਹਾਂ ਦੇ 161ਵੇਂ ਜਨਮ ਦਿਨ ਮੌਕੇ ਫੁੱਲ ਮਾਲਾਵਾਂ ਨਾਲ ਸ਼ਰਧਾਂਜਲੀ ਦੇਣ ਲਈ ਪਹੁੰਚੇ ਸਨ। ਮੁੱਖ ਮੰਤਰੀ ਨੇ ਲਾਇਬਰੇਰੀ ਅਤੇ ਇਤਿਹਾਸਕ ਸਥਾਨਾਂ ਦਾ ਦੌਰਾ ਵੀ ਕੀਤਾ। ਮੁੱਖ ਮੰਤਰੀ ਨੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਤੇ ਸੀਨੀਅਰ ਐਨਸੀਪੀ ਆਗੂ ਅਜੀਤ ਪਵਾਰ ਸਮੇਤ ਪੰਜ ਲੋਕਾਂ ਦੀ ਜਹਾਜ਼ ਹਾਦਸੇ ਵਿਚ ਮੌਤ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਮੁੱਖ ਮੰਤਰੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਲਾਲਾ ਲਾਜਪਤ ਰਾਏ ਜਿੱਥੇ ਮਹਾਨ ਆਜ਼ਾਦੀ ਘੁਲਾਟੀਏ ਸਨ, ਉੱਥੇ ਹੀ ਉਨ੍ਹਾਂ ਨੂੰ ਸਵਦੇਸ਼ੀ ਲਹਿਰ ਦੇ ਰਹਿਨੁਮਾ ਵਜੋਂ ਵੀ ਜਾਣਿਆ ਜਾਂਦਾ ਹੈ।

# ਬੰਬ ਦੀ ਧਮਕੀ ਨਾਲ ਚੰਡੀਗੜ੍ਹ ਦੇ 26 ਸਕੂਲ ਖਾਲੀ, ਪ੍ਰੀ-ਬੋਰਡ ਪ੍ਰੀਖਿਆਵਾਂ ਮੁਲਤਵੀ




